# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR


## ਗੁਰਦਵਾਰਾ ਰੋੜੀ ਸਾਹਿਬ, ਐਮਨਾਬਾਦ


ਅਗਸਤ ੧੯੭੫ Aug 1975




ਇਸ ਅਸਥਾਨ ਤੇ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ' ਵਾਲਾ ਸ਼ਬਦ ਉਚਾਰਿਆ ਸੀ ਅਤੇ ਧਰਮ ਦੀ ਕਿਰਤ ਤੇ ਪਾਪ ਦੀ ਕਮਾਈ ਦਾ ਨਿਰਣਾ ਨਿਰੰਕਾਰੀ ਬਾਬੇ ਜੀ ਨੇ ਕੀਤਾ ਸੀ


www.AKJ.org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ ੩/੭੦-੬੮-੨੧ (ਅ. ਪ.) ਮਿਤੀ ੧੭-੧੦-੬੮ ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

## ਤਤਕਰਾ


| | | |
|---|---|---|
| ਕੀਮਤਿ ਯਕ ਤਾਰਿ ਮੂਏ ਯਾਰਿ ਮਾ | ਭਾਈ ਸਾਹਿਬ ਨੰਦ ਲਾਲ ਜੀ | ੧ |
| ਧਰਮਰਾਇ ਦੀ ਦਰਗਾਹ (੩) | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਆਪੋ ਆਪਣੀ ਦੁਨੀਆ | ,, ,, | ੫ |
| ਓਸ ਲਾਲ ਦੀ ਕਦਰ (ਗਜ਼ਲ ਦਾ ਕਾਵਿ ਰੂਪ) | ਸ: ਵਿਧਾਤਾ ਸਿੰਘ ਜੀ ਤੀਰ | ੬ |
| ਗੁਰਦੁਆਰਿਆਂ ਸੰਬੰਧੀ ਖ਼ਾਲਸਈ ਕਰਤੱਵ | ਸ: ਕਰਮ ਸਿੰਘ ਜੀ ਹਿਸਟੋਰੀਅਨ | ੭ |
| 'ਸਿਖ' ਅਮੀਰ, ਪਰ 'ਸਿਖੀ' ਗ਼ਰੀਬ | ਗੁਰਮਤਿ ਸੁਝਾਵ, ਸ਼ਾਹਬਾਦ | ੧੦ |
| ਤਸਵੀਰਾਂ ਬਾਰੇ | ਸ਼: ਅਮਰਜੀਤ ਸਿੰਘ ਜੀ ਡਰਾਫਟਸਮੈਨ | ੧੨ |
| ਕਰਾਮਾਤ ਨਹੀਂ, ਕਰਤਬ | ਪ੍ਰਿੰਸੀਪਲ ਸੁਜਾਨ ਸਿੰਘ ਜੀ | ੧੪ |
| ਗਿਆਨ ਧਿਆਨ | ਸ: ਹਰਬੰਸ ਸਿੰਘ ਜੀ, ਕਾਨਪੁਰ | ੧੮ |
| ਉੱਚਾ ਟਿੱਲਾ | ਸ: ਭੁਪਿੰਦਰ ਸਿੰਘ ਜੀ ਪੀ. ਸੀ. ਐਸ. | ੧੯ |
| ਰਜ ਗੁਣ ਤਮ ਗੁਣ ਸਤ ਗੁਣ ਕਹੀਐ | ਸਾਰੰਗ ਜੀ ਕਪੂਰਥਲਾ | ੨੩ |
| ਕੀ ਰਹਿਤ ਦੀ ਲੋੜ ਨਹੀਂ | ਸਿੰਘ ਸਭਾ ਸੰਦੇਸ਼, ਰੋਪੜ | ੨੭ |
| ਮਾਤਾ ਚੰਦੋ ਰਾਣੀ | ਸ: ਵਰਿਆਮ ਸਿੰਘ ਜੀ ਦਿਲੀ | ੩੧ |
| ਸਿਰ-ਨੰਗ ਨਿਸ਼ੇਧ | ਸ: ਗੁਰਮੀਤ ਸਿੰਘ ਜੀ | ੩੩ |
| ਗੁਰਮਤਿ ਨਾਮ | ਗਿ: ਗੋਪਾਲ ਸਿੰਘ ਜੀ 'ਮਿਤਰ' | ੩੬ |
| ਔਖੀ ਘਾਟੀ | ਪ੍ਰੋਫ਼ੈਸਰ ਸਾਹਿਬ ਸਿੰਘ ਜੀ ਡੀ.ਲਿਟ. | ੩੭ |
| ਹੋਰਤੁ ਰੰਗਿ ਨ ਰਚੀਐ | ਭਾਈ ਸਾਹਿਬ ਭਾਈ ਗੁਰਦਾਸ ਜੀ | ੪੦ |
| ਗੁਰਮਤਿ ਸੇਧਾਂ | ਭਾਈ ਸਾਹਿਬ ਰਣਧੀਰ ਸਿੰਘ ਜੀ | ੪੧ |


## ਇੰਗਲੈਂਡ ਤੋਂ ਸੂਰਾ ਮਾਸਕ ਪੱਤਰ ਨੂੰ ਸਹਾਇਤਾ

ਸ: ਗੁਰਨਾਮ ਸਿੰਘ ਜੀ Reading, Berks ਤੋਂ ਦਸ ਪੌਂਡ ਆਪਣੇ ਵਲੋਂ ਅਤੇ ਪੰਦਰਾਂ ਪੌਂਡ ਬਰਿੰਦਰ ਸਿੰਘ ਜੀ Reading, Berks ਤੋਂ ਕੀਰਤਨ ਸਮਾਗਮ ਦੀਆਂ ਖੁਸ਼ੀਆਂ ਵਿਚ 'ਸੂਰਾ' ਮਾਸਕ ਪਤਰ ਲ ਸਹਾਇਤਾ ਭੇਜਦੇ ਹਨ।

ਦਾਤਾਰ ਪਿਤਾ ਇਨ੍ਹਾਂ ਪਰਿਵਾਰਾਂ ਨੂੰ ਗੁਰਸਿਖੀ ਜੀਵਨ ਤੇ ਚਰਨਾਂ ਦੀ ਪ੍ਰੀਤ ਬਖ਼ਸ਼ਣ।

ਜੀਊਲ ਫ਼ਾਈਨ ਪ੍ਰਿੰਟਰਜ਼, ਹਾਥੀਖ਼ਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

ਟੈਲੀਫ਼ੋਨ ਨੰਬਰ 51847

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸਾਲਾਨਾ ਚੰਦਾ ੬-੦੦
ਪਰਦੇਸ ੧੮-੫੦
ਹਵਾਈ ਡਾਕ ਵਖ ਵਖ
ਇਕ ਪਰਚਾ ੦-੬੦

ਐਡੀਟਰ
ਗਿ: ਜਸਵੰਤ ਸਿੰਘ
ਬੀ.ਏ., ਬੀ.ਟੀ.

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੯ | ਅਗਸਤ ੧੯੭੫ | ਅੰਕ ੮


## ਹਰ ਦੋ ਆਲਮ, ਕੀਮਤਿ ਯਕ ਤਾਰਿ ਮੂਏ ਯਾਰ ਮਾ

ਦੀਨੋ ਦੁਨੀਆ, ਦਰ ਕਮੰਦਿ ਆਂ ਪਰੀ ਰੁਖ਼ਸਾਰਿ ਮਾ ।
ਹਰ ਦੋ ਆਲਮ, ਕੀਮਤਿ ਯਕ ਤਾਰਿ ਮੂਏ ਯਾਰਿ ਮਾ ॥੧॥

ਮਾ ਨਮੇ ਆਰੇਮ ਤਾਬਿ ਗ਼ਮਜ਼ਾ-ਇ ਮਿਯਗਾਨਿ ਊ ।
ਯਕ ਨਿਗਾਹਿ ਜਾਂ ਫ਼ਜ਼ਾਇਸ਼, ਬਸ ਬੱਵਦ ਦਰਕਾਰਿ ਮਾ ॥੨॥

ਗਾਹਿ ਸੂਫ਼ੀ, ਗਾਹਿ ਜ਼ਾਹਿਦ; ਗਹ ਕਲੰਦਰ ਮੇ ਸ਼ਵਦ ।
ਰੰਗਹਾਇ ਮੁਖ਼ਤਲਿਫ਼, ਦਾਰਦ ਬੁਤਿ ਅੱਯਾਰਿ ਮਾ ॥੩॥

ਕਦਰਿ ਲਾਲਿ ਊ, ਬਜੁਜ਼ ਆਸ਼ਕ, ਨ ਦਾਨਦ ਹੇਚ ਕਸ ।
ਕੀਮਤਿ ਯਾਕੂਤ ਦਾਨਦ, ਚਸ਼ਮਿ ਗੌਹਰ ਬਾਰਿ ਮਾ ॥੪॥

ਹਰ ਨਫ਼ਸ 'ਗੋਇਆ' ਬ-ਯਾਦਿ, ਨਰਗਸਿ ਮਖ਼ਮੂਰ ਊ ।
ਬਾਦਾ-ਹਾਇ ਸ਼ੌਕ ਮੇ ਨੋਸ਼ਦ ਦਿਲਿ ਹੁਸ਼ਿਆਰਿ ਮਾ ॥੫॥

[ਭਾਈ ਨੰਦ ਲਾਲ ਜੀ, ਗਜ਼ਲ ੨


ਇਸ ਗ਼ਜ਼ਲ ਦਾ ਪੰਜਾਬੀ ਉਲਥਾ ਵੇਖੋ ਸਫ਼ਾ ੬ ਤੇ ।



ਚਿੱਠੀ ਪੱਤਰ ਤੇ ਰਕਮ ਭੇਜਣ ਲਈ —
ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ



www.AKJ.Org

# ਧਰਮਰਾਇ ਦੀ ਦਰਗਾਹ (੩)

[ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਨਾਮ-ਰਸ ਹੀਣੇ, ਨਾਮ-ਦਾਤੋਂ ਸਖੀਣੇ ਮਨੁਖ, ਬਿਖਈ ਜੀਵ ਬਿਖਿਆ ਦੇ ਖਾਣੇ ਖਾਣ ਵਿਚ, ਬਿਖਵਤੀ ਬੋਲੀ ਬੋਲਣ ਵਿਚ ਤੇ ਬਿਖਈ ਕਾਰ ਕਮਾਵਣ ਵਿਚ ਹੀ ਸਾਰੀ ਉਮਰ ਖੱਚਤ ਰਹਿੰਦੇ ਹਨ। ਉਹ ਅਗਲੀ ਦਰਗਾਹੇ ਜਮ ਦਰ ਬੱਧੇ ਮਾਰੀਦੇ ਹਨ; ਉਨ੍ਹਾਂ ਦਾ ਓਥੇ ਛੁਟਕਾਰਾ ਕਦੇ ਨਹੀਂ । ਸੱਚੇ ਨਾਮ ਨਿਵਾਸੀਆਂ ਦਾ ਹੀ ਓਥੇ ਛੁਟਕਾਰਾ ਹੈ । ਨਾਮ ਵਿਹੂਣਾ ਆਦਮੀ ਜਿਵੇਂ ਆਉਂਦਾ ਹੈ ਤਿਵੇਂ ਹੀ ਨਾਮੋਂ ਖ਼ਾਲੀ ਜਾਂਦਾ ਹੈ । ਅਗੇ ਜਾ ਕੇ ਆਪਣਾ ਕੀਤਾ ਪਾਂਦਾ ਹੈ । ਏਹੀ ਲਿਖਤਕਾਰ ਓਸ ਦੇ ਕਰਮਾਂ ਵਿਚ ਲਿਖੀ ਹੁੰਦੀ ਹੈ। ਮਨਮੁਖ ਆਪਣਾ ਮੂਲ ਗਵਾ ਕੇ ਐਵੇਂ ਖਾਲੀ ਹੱਥ ਚਲੇ ਜਾਂਦੇ ਹਨ। ਉਨ੍ਹਾਂ ਨੂੰ ਅਗਲੀ ਦਰਗਾਹੇ ਜ਼ਰੂਰ ਹੀ ਸਜ਼ਾਵਾਂ ਮਿਲਦੀਆਂ ਹਨ, ਯਥਾ :—

ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ ॥ ਜਮਦਰਿ ਬਾਧੇ ਮਾਰੀਅਹਿ ਛੂਟਸਿ ਸਾਚੈ ਨਾਇ ॥ ਜਿਵ ਆਇਆ ਤਿਵ ਜਾਇਸੀ ਕੀਆ ਲਿਖਿ ਲੈ ਜਾਇ ॥ ਮਨਮੁਖਿ ਮੂਲੁ ਗਵਾਇਆ ਦਰਗਹ ਮਿਲੈ ਸਜਾਇ ॥੩॥

[ਪਰਭਾਤੀ ਮਹਲਾ ੧, ਪੰਨਾ ੧੩੩੧

ਫ਼ਰੀਦ ਸਾਹਿਬ ਭੀ ਅਗੇ ਦੀ ਸ਼ਾਹਦੀ ਇਸ ਬਿਧ ਭਰਦੇ ਹਨ :—

ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ ॥ ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ ॥੧੦੬॥ [ਪੰਨਾ ੧੩੮੩

ਇਸ ਵਾਕ ਵਿਚ ਨਾਮ ਵਿਸਾਰਨ-ਹਾਰਿਆਂ ਦੇ ਮੁਖ ਡਰਾਵਣੇ ਦਸੇ ਗਏ ਹਨ। ਇਸ ਦੁਨੀਆ ਵਿਚ ਤਿਨ੍ਹਾਂ ਨੂੰ ਬਹੁਤ ਦੁਖ ਝਲਣੇ ਪੈਂਦੇ ਹਨ ਅਤੇ ਅਗੇ ਚਲ ਕੇ ਅਗਲੀ ਦੁਨੀਆ ਵਿਚ ਤਿਨ੍ਹਾਂ ਨੂੰ ਕਿਤੇ ਭੀ ਥਾਉਂ-ਟਿਕਾਣਾ ਨਹੀਂ ਮਿਲਦਾ।

ਗੁਰਮੁਖ ਨਾਮ ਜਪਣ-ਹਾਰਿਆਂ ਦੇ ਮੁਖ ਉਜਲੇ ਰਹਿੰਦੇ ਹਨ, ਤਿਨ੍ਹਾਂ ਨੂੰ ਹਰਿ ਦਰਗਹਿ ਵਿਚ ਸੋਭਾ ਵਡਿਆਈ ਮਿਲਦੀ ਹੈ। ਯਥਾ ਗੁਰਵਾਕ —

ਗੁਰਮੁਖਾ ਕੇ ਮੁਖ ਉਜਲੇ ਹਰਿ ਦਰਗਹ ਸੋਭਾ ਪਾਇ ॥ [ਸਲੋਕ ਵਾਰਾਂ ਤੋਂ ਵਧੀਕ

ਮਨਮੁਖਾਂ ਤੋਂ ਦਰਗਾਹ ਅੰਦਰ ਜ਼ਰੂਰ ਲੇਖਾ ਮੰਗਿਆ ਜਾਵੇਗਾ, ਕਿਉਂਕਿ ਤਿਨ੍ਹਾਂ ਦੀ ਸਾਰੀ ਉਮਰ ਹੀ ਮੋਹ ਮਾਇਆ ਪੁਤ੍ਰ ਕਲਤ੍ਰ ਕੁਟੰਬ ਵਿਚ ਹੀ ਖੱਚਤ ਹੋਇਆਂ ਗੁਜ਼ਰਦੀ ਹੈ। ਦੂਜੇ ਭਾਇ ਦੀ ਪੂਜਾ ਨੇ ਕੀ ਪਾਰ ਉਤਾਰਾ ਕਰਨਾ ਸੀ। ਜਿਨ੍ਹਾਂ ਦੀ ਖ਼ਾਤਰ ਮਨਮੁਖ ਸਾਰੀ ਉਮਰ ਖਪ ਖਪ ਕੇ ਮਰਦੇ ਹਨ, ਉਨ੍ਹਾਂ ਨੂੰ ਅੰਤੀ ਅਉਸਰ ਕੋਈ ਛਡਾਇ ਨਹੀਂ ਸਕੇਗਾ। ਦਰਗਹਿ ਅੰਦਰ ਸਜ਼ਾਈਂ ਮਿਲਣਗੀਆਂ —

ਮਨਮੁਖ ਸੇਵਾ ਜੋ ਕਰੇ ਦੂਜੈ ਭਾਇ ਚਿਤੁ ਲਾਇ ॥ ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ ॥ ਦਰਗਹਿ ਲੇਖਾ ਮੰਗੀਐ, ਕੋਈ ਅੰਤਿ ਨ ਸਕੀ ਛਡਾਈ ॥ [ਪੰਨਾ ੧੪੨੨

ਅਨਿੰਨ ਗੁਰਸਿਖਾਂ ਨੂੰ ਵਾਹਿਗੁਰੂ ਨਾਮ ਦਰਗਾਹ ਅੰਦਰ ਆਪੇ ਛੁਡਾਇ ਲੈਂਦਾ ਹੈ, ਜਮ ਕੰਕਰਾਂ ਨੂੰ ਮਾਰ ਬਿਦਾਰਦਾ ਹੈ; ਐਸੇ ਗੁਰਸਿਖਾਂ ਦੀ ਧੂੜ ਪਾਪੀਆਂ ਦੀ ਗਤ ਕਰਨਹਾਰੀ ਹੈ। ਐਸੇ ਵਡਭਾਗੇ ਮਸਤਕ ਸੁਹਾਗੇ ਗੁਰਸਿਖਾਂ ਨੂੰ ਗੁਰੂ ਨਾਨਕ ਸਾਹਿਬ ਆਪਿ ਆਇ ਮਿਲਦਾ ਹੈ। ਯਥਾ ਗੁਰਵਾਕ —

ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥ ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ ॥ ਜਮ ਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ ॥ [ਪੰਨਾ ੧੪੨੪

ਖੋਟੇ ਖਰਿਆਂ ਦੀ ਪਰਖ ਦਾ ਅਗਲੀ ਦਰਗਾਹ ਵਿਚ ਕਿਵੇਂ ਨਿਬੇੜਾ ਹੁੰਦਾ ਹੈ। ਤਿਸ ਪ੍ਰਥਾਇ ਗੁਰੂ ਸਾਹਿਬ ਇਉਂ ਫ਼ੁਰਮਾਉਂਦੇ ਹਨ —

ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ ॥ ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ ॥ ਖਰੇ ਖਜਾਨੈ ਪਾਈਅਹਿ, ਖੋਟੇ



www.AKJ.Org

ਸਟੀਅਹਿ ਬਾਹਰਵਾਰਿ ॥ ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ ॥ ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ ॥ ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥ ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ ॥ ਗਣਤ ਤਿਨਾਂ ਦੀ ਕੋ ਕਿਆ ਕਰੈ, ਜੋ ਆਪਿ ਬਖਸੇ ਕਰਤਾਰਿ ॥੧੨॥

[ਪੰਨਾ ੧੪੩

ਏਸ ਗੁਰਵਾਕ ਅੰਦਰ ਖੋਲ੍ਹ ਕੇ ਦਸਿਆ ਗਿਆ ਹੈ ਕਿ ਸਚੀ ਦਰਗਾਹ ਅੰਦਰ ਖੋਟੇ ਪੁਰਸ਼, ਜਿਨ੍ਹਾਂ ਨੇ ਏਸ ਦੁਨੀਆ ਵਿਚ ਖੋਟੇ ਕਰਮ ਕੀਤੇ ਹਨ, ਨਾਮ ਨਹੀਂ ਜਪਿਆ, ਬਾਹਰਵਾਰ ਕਢ ਕੇ ਸਿੱਟ ਦਿਤੇ ਜਾਂਦੇ ਹਨ, ਓਥੇ ਉਨ੍ਹਾਂ ਦੀ ਪੁਕਾਰ ਕੋਈ ਨਹੀਂ ਸੁਣਦਾ। ਐਥੇ ਭੀ ਉਨ੍ਹਾਂ ਦਾ ਵਾਹਰੂ ਕੋਈ ਨਹੀਂ। ਜੇ ਉਹ ਸਤਿਗੁਰੂ ਸਰਣੀ ਆਉਣ, ਪਸਚਾਤਾਪ ਕਰ ਕੇ ਪ੍ਰਾਸਚਿਤ ਕਰਾਉਣ ਤਾਂ ਸਤਿਗੁਰੂ ਤਿਨ੍ਹਾਂ ਦੇ ਪਿਛਲੇ ਕਮਾਤੇ ਕੁਕਰਮੀ ਅਵਗੁਣ ਬਖਸ਼ਣਹਾਰ ਹੈ ਤੇ ਖੋਟਿਓਂ ਖਰੇ ਕਰਨਹਾਰ ਹੈ। ਨਹੀਂ ਤਾਂ ਖੋਟੇ ਪੁਰਸ਼ ਅਗਲੀ ਦਰਗਾਹ ਪੁਜ ਕੇ ਖੁਆਰ ਹੀ ਖੁਆਰ ਥੀਣਗੇ। ਸਤਿਗੁਰੂ ਹੀ ਸਮਰਥ ਹੈ, ਖੋਟਿਆਂ ਨੂੰ ਸ਼ਬਦ ਦੀ ਕਲਾ ਵਰਤਾਇ ਕੇ ਸਵਾਰਨਹਾਰ ਹੈ। ਫੇਰ ਓਹੀ ਖੋਟੇ ਖਰੇ ਹੋ ਕੇ ਸਚੀ ਦਰਗਾਹੇ ਮੰਨੇ ਪ੍ਰਮੰਨੇ ਜਾਣਗੇ। ਗੁਰੂ ਦਰੋਂ ਪ੍ਰੇਮ ਪਿਆਲਾ ਮਿਲਣ ਦਾ ਹੀ ਇਹ ਸਦਕਾ ਹੈ ਕਿ ਖੋਟਿਆਂ ਦੀ ਕਾਇਆਂ ਪਲਟ ਕੇ ਖਰਾ-ਪਣ ਉਨ੍ਹਾਂ ਵਿਚ ਧਾਇ ਜਾਇਗਾ। ਗੁਰੂ ਕਰਤਾਰ ਦੇ ਬਖ਼ਸ਼ੇ ਹੋਇਆਂ ਦੀ ਕੋਈ ਕੀ ਗਣਤ ਕਰ ਸਕਦਾ ਹੈ। ਅਗਲੇ ਗੁਰਵਾਕ ਅੰਦਰ ਭਗਤਾਂ ਤੇ ਸੰਸਾਰੀਆਂ ਦਾ ਟਾਕਰਾ ਕਰ ਕੇ ਸਤਿਗੁਰੂ ਤਿਨ੍ਹਾਂ ਦੇ ਵਖੋ ਵਖ ਕਰਮਾਂ ਦੀ ਗਤਿ ਇਸ ਬਿਧ ਵਰਨਣ ਕਰਦੇ ਹਨ :—

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥ ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥ ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥ ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥ ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥ ਦਾਸਨਿ ਦਾਸ ਹੋਇ ਕੈ, ਜਿਨੀ ਵਿਚਹੁ ਆਪੁ ਗਵਾਇਆ ॥ ਓਹਨਾਂ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥

[ਪੰਨਾ ੧੪੫

ਇਸ ਵਾਕ ਅੰਦਰ ਕਿਆ ਸੋਹਣਾ ਨਿਖੇੜਾ ਤੇ ਨਿਬੇੜਾ ਕੀਤਾ ਹੈ ਭਗਤਾਂ ਤੇ ਸੰਸਾਰੀਆਂ ਦਾ। ਏਹਨਾਂ ਦਾ ਜੋੜ ਕਦੇ ਬਣ ਨਹੀਂ ਸਕਦਾ। ਕਰਤੇ ਪੁਰਖ ਦੀਆਂ ਨਜ਼ਰਾਂ ਵਿਚ ਇਹਨਾਂ ਦੀ ਕਦਰ ਕੀਮਤ ਵਖੋ ਵਖ ਹੈ। ਉਹਨਾਂ ਦੇ ਆਪੋ ਆਪਣੇ ਆਸ਼ੇ ਅਨੁਸਾਰ, ਸੰਸਾਰ ਦੀਆਂ ਨਜ਼ਰਾਂ ਵਿਚ ਤਾਂ ਦੋਹਾਂ ਦਾ ਖਲ ਖੰਡ ਦਾ ਇਕੋ ਭਾਉ ਹੈ, ਪਰ ਕਰਤਾਰ ਦੀਆਂ ਨਜ਼ਰਾਂ ਵਿਚ ਦੋਨੋਂ ਇਕੋ ਜਿਹੇ ਨਹੀਂ ਹੋ ਸਕਦੇ। ਜਗਤ ਤਾਂ ਭੁਲੇਖਾ ਖਾ ਸਕਦਾ ਹੈ ਅਤੇ ਕਿਸੇ ਦਾ ਭੁਲਾਇਆ ਭੁਲ ਸਕਦਾ ਹੈ, ਪਰ ਗੁਰੂ ਕਰਤਾਰ ਕਦੇ ਭੁਲ ਨਹੀਂ ਸਕਦਾ। ਉਹ ਤਾਂ ਆਪ ਹੀ ਕਦਰ ਕੀਮਤ ਪਰਖ ਲੈਂਦਾ ਹੈ ਅਤੇ ਵਖੋ ਵਖ ਦੋਹਾਂ ਦਾ ਨਿਰਣਾ ਨਿਰਖ ਲੈਂਦਾ ਹੈ। ਭਗਤਾਂ ਨੂੰ ਅਪਣਾ ਕੇ ਉਹ ਆਪਣੇ ਸਰੂਪ ਵਿਚ ਮੇਲ ਲੈਂਦਾ ਹੈ। ਉਸ ਦੀ ਨਿਜ ਟਕਸਾਲੀ ਪਰਖ ਅੱਤ ਸੁਖਾਲੀ ਹੈ। ਜਿਨ੍ਹਾਂ ਨੇ ਨਿਰੋਲ ਸਚੋ ਸਚ ਕੇਵਲ ਨਾਮ ਹੀ ਨਾਮ ਕਮਾਇਆ ਹੋਇਆ ਹੁੰਦਾ ਹੈ, ਤਿਨ੍ਹਾਂ ਗੁਰਮੁਖ ਸੰਤਾਂ, ਭਗਤਾਂ ਨੂੰ ਵਾਹਿਗੁਰੂ ਆਪਣੇ ਬਣਾ ਕੇ ਆਪੇ ਹੀ ਮੇਲ ਮਿਲਾਇ ਵਸਲ ਵਸਲਾਇ ਲੈਂਦਾ ਹੈ। ਨਾਮੋਂ ਘੁੱਥੇ ਗੁਰਮਤਿ ਤੋਂ ਗੁਮਰਾਹ ਮਨਮੁਖ ਸੰਸਾਰੀ ਜੀਵਾਂ ਨੇ ਮਨੁਖਾ ਜਨਮ ਧਾਰ ਕੇ, ਸਾਰੀ ਉਮਰ ਨਿਰਾ ਕੂੜ ਬੋਲ ਬੋਲ ਹੀ ਨਾਮ ਅੰਮ੍ਰਿਤ ਦੀ ਥਾਉਂ ਬਿਖ ਜ਼ਹਿਰ ਪਿਆਲਾ ਪੀਤਾ ਹੈ, ਉਹ ਕਰਤੇ ਪੁਰਖ ਦੀ ਰਹਿਮਤ ਤੋਂ ਖ਼ਾਲੀ ਰਹਿ ਜਾਂਦੇ ਹਨ। ਉਹ ਕਦੇ ਵਾਹਿਗੁਰੂ ਨੂੰ ਮਿਲ ਹੀ ਨਹੀਂ ਸਕਦੇ। ਉਨ੍ਹਾਂ ਦਾ ਰੱਬ ਤੇ ਭਰੋਸਾ ਹੀ ਨਹੀਂ। ਸੰਸਾਰੀ ਸਾਕਤ ਪੁਰਸ਼ ਤਾਂ ਏਥੇ ਜਗਤ ਸੰਸਾਰ ਨੂੰ ਤੇ ਸੰਸਾਰਕ ਦ੍ਰਿਸ਼ਟਮਾਨ ਪਦਾਰਥਾਂ ਨੂੰ ਹੀ ਮਿੱਠਾ ਜਾਣਦੇ ਹਨ, ਉਨ੍ਹਾਂ ਨੂੰ ਇਹ ਸੂਝ ਬੂਝ ਕੁਝ ਹੀ ਨਹੀਂ ਰਹਿੰਦੀ ਕਿ ਕਦੇ ਇਸ



www.AKJ.Org

ਅਸਾਰ ਸੰਸਾਰ ਤੋਂ ਚਲਣਾ ਭੀ ਹੈ। ਚਲਣ ਦੀ ਸਾਰ ਵਿਸਾਰ ਕੇ ਉਨ੍ਹਾਂ ਸੰਸਾਰ ਵਿਚ ਰਹਿੰਦੇ ਹੋਏ ਵਿਸ਼ੇ ਵਾਸ਼ਨਾ ਨੂੰ ਹੀ ਵਧਾਇਆ ਹੈ। ਭਗਤਾਂ ਨੇ ਸਰਬ ਸੰਸਾਰੀ ਬਿਖ ਪਸਾਰੀ ਲਾਲਚ, ਵਾਸ਼ਨਾਵਾਂ ਤੇ ਵਿਸ਼ੇ ਵਿਕਾਰਾਂ ਨੂੰ ਤਿਆਗ ਕੇ ਦਿਨ ਰਾਤ ਸਚੇ ਨਾਮ ਨੂੰ ਧਿਆਇਆ ਹੈ। ਦੁਨੀਆ ਦੇ ਦੀਵਾਨਿਆਂ ਨੇ ਮਾਇਆ ਮਦ-ਮਤੀ ਗ਼ੁਲਾਮੀ ਕਰਨੀ ਹੀ ਸਚਿ ਕਰਿ ਜਾਣੀ ਹੈ, ਪਰ ਭਗਤ ਜਨਾਂ ਨੂੰ ਕੇਵਲ ਹਰਿ-ਚਾਕਰੀ ਹੀ ਭਾਉਂਦੀ ਤੇ ਹਰਿ-ਭਗਤੀ ਹੀ ਸੁਖਾਉਂਦੀ ਹੈ। ਹਰਿ ਕੇ ਚਾਕਰ ਹੋਇ ਕੇ ਉਹ ਸਗਲਿਆਂ ਦੀ ਰੇਣ ਦਾਸਨ ਦਾਸ ਹੋ ਰਹਿੰਦੇ ਹਨ। ਇਸ ਤਰ੍ਹਾਂ ਆਪਾ-ਭਾਵ ਦਾ ਅਭਾਵ ਕਰ ਲੈਂਦੇ ਹਨ, ਉਨ੍ਹਾਂ ਦੇ ਸਚੀ ਦਰਗਾਹ ਵਿਚ 'ਖਸਮੈ ਕੇ ਦਰਿ ਮੁਖ ਉਜਲੇ' ਵਾਕ ਅਨੁਸਾਰ ਮੁਖ ਉਜਲੇ ਹੁੰਦੇ ਹਨ। ਇਹ ਸਚੇ ਸਬਦ ਵਿਚ ਸਮਾਇ ਤੇ ਸਮਾਧ-ਸਥਿਤ ਹੋਇ ਤੇ ਪਰਵਾਣ ਪਏ ਗੁਰਸਿਖਾਂ ਦੀ ਸਚੀ ਸਾਖੀ ਹੈ, ਜੋ ਉਪਰ ਦਸੀ ਗਈ ਹੈ। ਮਨਮੁਖ ਸੰਸਾਰੀਆਂ ਦਾ ਇਹ ਹਾਲ ਹੋਵੇਗਾ —

ਹਲਤਿ ਨ ਸੋਭਾ ਪਲਤਿ ਨ ਢੋਈ, ਅਹਿਲਾ ਜਨਮੁ ਗਵਾਇਆ ॥੩॥ [ਪੰਨਾ ੧੫੫

ਉਨ੍ਹਾਂ ਨੂੰ ਨਾ ਏਸ ਲੋਕ ਤੇ ਨਾ ਪਰਲੋਕ ਵਿਚ ਢੋਈ ਮਿਲਣੀ ਹੈ। ਉਨ੍ਹਾਂ ਨੇ ਆਪਣਾ ਮਨੁਖਾ ਜਨਮ ਐਵੇਂ ਹੀ ਗਵਾ ਲਿਆ ਹੈ।

ਵਾਹਿਗੁਰੂ ਰੂਪੀ ਸਚੀ ਭਗਤੀ ਕੀਤਿਆਂ ਹੀ ਐਥੇ ਓਥੇ ਸਦਾ ਸੁਖ ਮਿਲਦਾ ਹੈ। ਚਹੁੰ ਜੁਗਾਂ ਵਿਚ ਗੁਰੂ ਦਾ ਤਾਰਿਆ ਹੋਇਆ ਕੋਈ ਵਿਰਲਾ ਪੂਰਾ ਜਨ ਹੀ ਇਹ ਪੂਰੀ ਕਾਰ ਭਗਤ-ਕਮਾਈ ਦੀ ਕਮਾਉਂਦਾ ਹੈ। ਅਖੁਟ ਧਨ ਨਾਮ ਦੇ ਧਨੀਆਂ ਦੀ ਕੀਤੀ ਕਾਰ ਹੀ ਥਾਂਇ ਪੈਂਦੀ ਹੈ। ਫੇਰ ਉਨ੍ਹਾਂ ਨੂੰ ਨਾਮ ਧਨ ਦਾ ਤੋਟਾ ਕਦੇ ਨਹੀਂ ਆਉਂਦਾ, ਉਹਨਾਂ ਨੂੰ ਐਥੇ ਸਦਾ ਸੁਖ ਦੀ ਪਰਾਪਤੀ ਹੀ ਰਹਿੰਦੀ ਹੈ। ਅਗੇ ਸਚੀ ਦਰਗਾਹ ਤਿਨ੍ਹਾਂ ਨੂੰ ਸਚੀ ਸੋਭਾ ਤੇ ਵਡਿਆਈ ਮਿਲਦੀ ਹੈ। ਯਥਾ ਗੁਰਵਾਕ—

ਗੁਰ ਸੇਵਾ ਜੁਗ ਚਾਰੇ ਹੋਈ॥ ਪੂਰਾ ਜਨੁ ਕਾਰ ਕਮਾਵੈ ਕੋਈ ॥ ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ॥ ਐਥੈ ਸਦਾ ਸੁਖੁ ਦਰਿ ਸੋਭਾ ਹੋਈ॥੧॥ [ਪੰਨਾ ੧੬੧

ਅਗਲੀ ਦਰਗਾਹ ਵਾਹਿਗੁਰੂ ਨਾਮ ਹੀ ਛੁਡਾਉਣ ਨੂੰ ਸਮਰਥ ਹੈ। ਇਹ ਵਾਹਿਗੁਰੂ ਨਾਮ ਗੁਰ ਸਰਣਾਈ ਆਇਆਂ, ਨਿਗੁਰਿਓਂ ਸਗੁਰੇ ਬਣਿਆਂ, ਗੁਰੂ-ਘਰ ਤੋਂ ਹੀ ਪ੍ਰਾਪਤ ਹੁੰਦਾ ਹੈ, ਨਹੀਂ ਤਾਂ ਹੋਰ ਚੁਰਾਸੀ ਲਖ ਮੇਦਨੀ ਬਥੇਰੀ ਮਨ-ਹਠ ਕਰ ਕੇ ਭਰਮਦੀ ਭਟਕਦੀ ਫਿਰਦੀ ਹੈ। ਗੁਰ ਕਾ ਸ਼ਬਦ ਗੁਰਮਤਿ ਨਾਮ ਗੁਰ ਮੰਤ੍ਰ ਚੀਨੇ ਬਿਨਾਂ ਮੁੜ ਮੁੜ ਜੂਨਾਂ ਵਿਚ ਪੈਣਾ ਪੈਂਦਾ ਹੈ, ਯਥਾ ਗੁਰਵਾਕ—

ਮੇਰੇ ਮਨ ਗੁਰ ਚਰਨੀ ਚਿਤੁ ਲਾਇ ॥ ਗੁਰਮੁਖਿ ਨਾਮੁ ਨਿਧਾਨੁ ਲੈ ਦਰਗਹ ਲਏ ਛਡਾਇ॥ ੧॥ਰਹਾਉ॥ ਲਖ ਚਉਰਾਸੀਹ ਭਰਮਦੇ, ਮਨ ਹਠਿ ਆਵੈ ਜਾਇ ॥ ਗੁਰ ਕਾ ਸਬਦੁ ਨ ਚੀਨਿਓ ਫਿਰਿ ਫਿਰਿ ਜੋਨੀ ਪਾਇ॥ ੨॥ [ਪੰਨਾ ੧੬੨

ਜਿਨ੍ਹਾਂ ਨੇ ਸ਼ਤਿਗੁਰ ਸਚੇ ਦਾ ਸਿਖ ਬਣ ਕੇ ਸਤਿਸੰਗਤ ਦੀ ਧੂੜ ਮੁਖ ਲਾਈ ਹੈ, ਸਤਿਗੁਰ ਦੀ ਚਰਨ ਧੂੜ ਰੁਮਾਈ ਹੈ ਅਤੇ ਕੂੜ ਨੂੰ ਤਿਆਗ ਕੇ ਹਰਿ ਲਿਵ ਲਾਈ ਹੈ, ਤਿਨ੍ਹਾਂ ਦਾ ਹੀ ਹਹਿ-ਦਰਗਹ ਮੁਖ ਉਜਲ ਰਹਾਈ ਹੈ। ਯਥਾ ਗੁਰਵਾਕ—

ਸਤਿਗੁਰ ਪਗ ਧੂਰਿ ਜਿਨਾ ਮੁਖਿ ਲਾਈ॥
ਤਿਨ ਕੂੜ ਤਿਆਗੇ ਹਰਿ ਲਿਵ ਲਾਈ ॥
ਤੇ ਹਰਿ ਦਰਗਹ ਮੁਖ ਊਜਲ ਭਾਈ ॥੩॥
[ਪੰਨਾ ੧੬੫

ਕੇਵਲ ਗੁਰੂ ਵਾਹਿਗੁਰੂ ਜਪਣਹਾਰਿਆਂ ਦੇ ਹੀ ਸਚੇ ਦਰਬਾਰ ਮੁਖ ਉਜਲ ਹੁੰਦੇ ਹਨ। ਇਹ ਸਚਾ ਦਰਬਾਰ ਅਗਲੀ ਦਰਗਹ ਵਿਚ ਹੀ ਹੈ। ਯਥਾ ਗੁਰਵਾਕ—

ਗੁਰੂ ਗੁਰੂ ਜਪਿ ਮੀਤ ਹਮਾਰੇ ॥
ਮੁਖ ਊਜਲ ਹੋਵਹਿ ਦਰਬਾਰੇ ॥੧॥ਰਹਾਉ॥
[ਪੰਨਾ ੧੯੦

ਗੁਰਮਤਿ ਨਾਮ ਰੂਪੀ ਸਚੀ ਸੁਕਿਰਤ ਕਰਨੀ ਰੂਪੀ ਸਚੇ ਕਰਮ ਨੂੰ ਛਡ ਕੇ, ਜੋ ਨਰ ਕਮਾਉਂਦਾ ਤਾਂ ਕੁਕਰਮ ਹੈ, ਮੁਖੋਂ ਮਿਠੇ ਮਿਠੇ ਪੋਚ ਅੰਮ੍ਰਿਤ ਬਚਨ ਲੋਕਾਂ ਨੂੰ ਸੁਣਾਉਂਦਾ ਹੈ, ਉਹ ਜਮਪੁਰ ਬੱਧਾ ਚੋਟਾਂ



www.AKJ.Org

# ਆਪੋ ਆਪਣੀ ਦੁਨੀਆ

[ਵਲੋਂ ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਦੁਨੀਆ ਅਜ ਤਕ ਸਾਰੀ ਕਿਸੇ ਨੇ ਨਹੀਂ ਦੇਖੀ, ਸਿਰਜਨਹਾਰ ਕਰਤਾਰ ਦੀ ਅਪਾਰ ਰਚਨਾ ਦਾ ਦੇਖਣਹਾਰ ਕੇਵਲ ਉਹ ਆਪ ਹੀ ਹੈ, ਯਥਾ ਗੁਰਵਾਕ :—

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ [ਪੰਨਾ ੪੬੩

ਤਥਾ—ਕਰਿ ਕਰਿ ਦੇਖੈ ਕੀਤਾ ਆਪਣਾ
ਜਿਉ ਤਿਸ ਦੀ ਵਡਿਆਈ ॥ [ਸੋਦਰੁ

ਕਰਨਹਾਰ ਕਰਤਾਰ ਦੇ ਕੀਤੇ ਜੀਵ ਜਦ ਸਿਰਜਨਹਾਰ ਦੀ ਸਿਰਜੀ ਸ੍ਰਿਸ਼ਟੀ ਦਾ ਹੀ ਪਾਰਾਵਾਰ ਨਹੀਂ ਪਾ ਸਕਦੇ, ਤਦ ਭਲਾ ਕਰਤੇ ਦੀ ਗਤਿ ਮਿਤ ਨੂੰ ਕੀ ਜਾਣ ਸਕਦੇ ਹਨ। ਜਿਹਾਂ ਕਿ :—

"ਕਰਤੇ ਕੀ ਮਿਤਿ ਨ ਜਾਨੈ ਕੀਆ ॥ [ਪੰਨਾ ੨੮੫

ਜੀਵਾਂ ਦਾ ਸ੍ਰਿਸ਼ਟੀ ਤੇ ਆਉਣ ਦਾ ਜਿਥੇ-ਜਿਥੇ ਭੀ ਸੰਜੋਗ ਬਣਿਆ ਹੈ ਅਤੇ ਜਿਥੇ ਜਿਥੇ ਭੀ ਉਹਨਾਂ ਦੇ ਸੰਸਕਾਰਾਂ ਦੁਆਰਾ ਪਰਸਪਰ ਸਬੰਧ ਬਣੇ ਹਨ, ਓਥੇ ਓਥੇ ਹੀ ਉਹਨਾਂ ਦੇ ਸੰਸਕਾਰਾਂ ਨੇ ਆਪੋ ਆਪਣੀ ਰਚਨਾ ਅਡੋ ਅੱਡ ਰਚ ਲਈ ਹੈ। ਹਰ ਇਕ ਪ੍ਰਾਣੀ ਮਾਤਰ ਦੀ ਦੁਨੀਆ ਵਖੋ ਵਖ ਵਸੀ ਪਈ ਹੈ, ਉਹ ਕੇਵਲ ਏਸ ਆਪਣੀ ਦੁਨੀਆ ਵਿਚ ਹੀ ਵਸਦਾ ਹੈ। ਏਦੂੰ ਬਾਹਰ ਇਸ ਦੇ ਭਾ ਦੀ ਦੁਨੀਆ ਹੈ ਹੀ ਨਹੀਂ।

"ਜੂਆਰੀ ਜੂਏ ਮਾਹਿ ਚੀਤੁ" ਗੁਰਵਾਕ ਅਨੁਸਾਰ ਜੂਆਰੀਆਂ ਦੇ ਸੰਸਕਾਰਾਂ ਦਾ ਮੰਡਲ ਅਹਿਨਿਸ ਜੂਏ-ਬਾਜ਼ੀ ਹੈ। ਜਿਥੇ ਤਾਈਂ ਉਨ੍ਹਾਂ ਦਾ ਸਬੰਧ ਜੂਏ-ਬਾਜ਼ੀ ਦੇ ਸ਼ੰਸਕਾਰਾਂ ਨਾਲ ਹੈ, ਓਥੇ ਤਾਈਂ ਹੀ ਉਨ੍ਹਾਂ ਦੀ ਦੁਨੀਆ ਦੀ ਹੱਦ ਹੈ, ਓਸ ਤੋਂ ਪਰੇ ਓਹਨਾਂ ਦੇ ਭਾ ਦਾ ਦੁਨੀਆ ਦਾ ਨਾਉਂ-ਨਮੂਦ ਭੀ ਨਹੀਂ। ਉਠਦੇ ਬਹਿੰਦੇ ਸੌਂਦੇ ਜਾਗਦੇ ਬਸ ਉਹ ਓਸੇ ਦੁਨੀਆ ਅੰਦਰ ਹੀ ਵਰਤਦੇ ਹਨ। ਹਟਵਾਣੀਏ ਦੀ ਦੁਨੀਆ ਕੇਵਲ ਹੱਟ-ਬਾਜ਼ੀ ਤੇ ਦੁਕਾਨਦਾਰੀ ਵਿਚ ਹੀ ਬੱਝੀ ਪਈ ਹੈ। ਉਸੇ ਬਜ਼ਾਰ ਵਿਚ ਰਹਿੰਦੇ ਹੋਏ ਬਜ਼ਾਜ਼ ਦੀ ਦੁਨੀਆ ਉਸ ਤੋਂ ਭਿੰਨ ਬਜ਼ਾਜ਼ੀ ਵਿਚ ਹੈ। ਵਿਦਿਆਰਥੀ ਵਿਦਿਆ ਦੇ ਖ਼ਿਆਲਾਂ ਵਿਚ ਗ਼ਲਤਾਨ ਹੋ ਕੇ ਆਪੋ ਆਪਣੀ ਦੁਨੀਆ ਥਾਉਂ ਥਾਈਂ ਭਿੰਨ ਭਿੰਨ ਸਾਜੀ ਬੈਠੇ ਹਨ।

ਗੱਲ ਕੀ, ਇਕੋ ਅਸਥਾਨ ਵਿਚ ਰਹਿੰਦੇ ਹੋਏ ਅਨੇਕਾਂ ਪ੍ਰਾਣੀ ਆਪੋ ਆਪਣੀ ਖ਼ਿਆਲੀ ਦੁਨੀਆ ਅੱਡੋ ਅੱਡ ਬੰਨ੍ਹੀ ਬੈਠੇ ਹਨ। ਅਲਪੱਗ ਪ੍ਰਾਣੀ ਦੇ ਅਲਪ ਅਤੇ ਹੋਛੇ

---

[ਸਫ਼ਾ ੪ ਦੀ ਬਾਕੀ]

ਖਾਂਦਾ ਹੈ। ਯਥਾ ਗੁਰਵਾਕ—

ਕਰੈ ਦੁਹਕਰਮ ਦਿਖਾਵੈ ਹੋਰੁ ॥ ਰਾਮ ਕੀ ਦਰਗਹ ਬਾਧਾ ਚੋਰੁ ॥...ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥ ਜਮਪੁਰਿ ਬਾਧਾ ਚੋਟਾ ਖਾਵੈ ॥੨॥ [ਪੰਨਾ ੧੯੪

ਇਸ ਗੁਰਵਾਕ ਦੇ ਵੀਚਾਰ ਤੋਂ ਇਹ ਗੱਲ ਹੋਰ ਨਿਰਣੇ ਹੋਈ ਕਿ ਰਾਮ ਕੀ ਦਰਗਹਿ, ਹਰਿ ਦਰਗਹ ਹੋਰ ਹੈ ਤੇ ਜਮਪੁਰੀ ਵਖਰੀ ਹੈ। ਇਹ ਸਰੀਰ ਛਡ ਕੇ ਹਰੀ ਜਨ ਹਰਿ ਦਰਗਹਿ ਜਾਂਦੇ ਹਨ ਅਤੇ ਸਾਕਤ ਨਰ ਮਰ ਕੇ ਜਮਪੁਰੀ ਸਿਧਾਉਂਦੇ ਹਨ। ਗੁਰਪੁਰੀ ਅਤੇ ਜਮਪੁਰੀ ਵਿਚ ਬੜਾ ਵਿਤਕਰਾ ਅਰਥਾਤ ਫ਼ਾਸਲਾ ਹੈ, ਜਮਪੁਰੀ ਉਰੇਡੇ ਹੀ ਹੇਠਲੇ ਮੰਡਲਾਂ ਵਿਚ ਰਹਿ ਜਾਂਦੀ ਹੈ ਅਤੇ ਗੁਰਪੁਰੀ ਵਾਹਿਗੁਰੂ ਦਰਬਾਰ ਸੰਮਿਲਵੀਂ ਉਚੇ ਮੰਡਲਾਂ ਦੇ ਸਿਖਰ ਹੈ, ਜਿਥੇ ਕੇਵਲ ਪੁਗੇ ਹੋਏ, ਕਮਾਈ ਵਾਲੇ ਗੁਰਮੁਖ ਜਨਾਂ ਦੀ ਹੀ ਪਹੁੰਚ ਤੇ ਸਮਾਈ ਹੈ। ਇਹ ਗਗਨ-ਮੰਡਲੀ ਤਬਕੇ (Regions) ਵਖੋ ਵਖ ਹਨ। ਏਸ ਅਥਾਹ ਅਗੰਮ ਪੁਲਾੜ (ਅਕਾਸ਼) ਵਿਚ ਅਨਗਿਣਤ ਹੀ ਅਣਦਿਸਦੇ ਮੰਡਲ (ਸਫ਼ੀਅਰ Sphere) ਹਨ, ਜੋ ਘੁਗ ਵਸਦੇ ਹਨ।

['ਅਣਡਿਠੀ ਦੁਨੀਆ' ਪੁਸਤਕ ਵਿਚੋਂ

www.AKJ.Org

ਖ਼ਿਆਲਾਂ ਦੀ ਦੁਨੀਆ ਦੇ ਅੱਗੇ ਪਿੱਛੇ ਅਨ੍ਹੇਰਾ ਹੀ ਅਨ੍ਹੇਰਾ ਹੈ। ਜੋ ਦੁਨੀਆ ਇਕ ਦੇ ਸਾਹਮਣੇ ਹੈ, ਉਹ ਦੂਸਰੇ ਦੇ ਭਾ ਦੀ ਅਨ੍ਹੇਰੇ ਵਿਚ ਹੈ। ਜੋ ਦੁਨੀਆ ਦੂਜੇ ਦੇ ਸਾਹਮਣੇ ਹੈ, ਉਹ ਪਹਿਲੇ ਦੇ ਭਾ ਦਾ ਅਨ੍ਹੇਰ ਖਾਤਾ ਹੈ। ਇਕੋ ਪ੍ਰਾਣੀ ਦਿਨ ਵਿਚ ਹੋਰ ਦੀ ਹੋਰ ਦੁਨੀਆ ਘੜ ਲੈਂਦਾ ਹੈ। ਘੜੀ ਜਾਂਦਾ ਹੈ, ਘੜ ਕੇ ਫੇਰ ਮੇਟ ਲੈਂਦਾ ਹੈ। ਜਿਹੜੀ ਹੁਣ ਘੜੀ ਸੀ, ਉਹ ਛਿਨ ਭਰ ਵਿਚ ਮਲੀਆਮੇਟ ਹੋ ਕੇ ਅਨ੍ਹੇਰ ਖਾਤੇ ਵਿਚ ਜਾ ਪਈ ਅਤੇ ਜਿਸ ਨੇ ਏਸ ਹਟ ਮਿਟੀ ਦੁਨੀਆ ਦਾ ਥਾਉਂ ਮੱਲਣਾ ਹੈ ਉਹ ਅਜੇ ਅਨ੍ਹੇਰੇ ਵਿਚ ਹੈ। ਜਦ ਖਿਨ ਪਲ ਮਾਤਰ ਖਿਆਲੀ ਸਾਜਨਾ ਦੁਆਰਾ ਘੜੀ ਕੀਤੀ ਗਈ, ਬਸ, ਉਹ ਦੁਨੀਆ ਸਾਹਮਣੇ ਆਈ ਤੇ ਬਾਦਲ ਛਾਈ ਬਣ ਗਈ, ਇਸ ਤਰ੍ਹਾਂ ਸਾਰਾ ਜੱਗ 'ਧੂੰਏ ਦਾ ਪਹਾਰ' ਬਣ ਰਿਹਾ ਹੈ।

ਇਸ ਧੁੰਧ-ਪਸਾਰੇ ਵਿਚੋਂ ਨਿਕਲ ਕੇ ਸੱਚੀ ਦੁਨੀਆ ਦਾ ਪ੍ਰਕਾਸ਼ ਸਦਾ ਹੀ 'ਹਸਤੀ' ਸਚੇ ਸਤਿਗੁਰਾਂ ਦੇ ਸ੍ਵਦੇਸੀ ਬਣਨ ਵਿਚ ਹੈ। ਸਤਿਗੁਰੂ ਦੇ ਗੁਰੂ ਸਰੂਪ ਦਿੱਬ ਜੋਤੀ ਸੰਸਕਾਰਾਂ ਵਿਚ ਸਮਾਉਣਾ ਸਤਿਗੁਰੂ ਦੇ ਸੱਚੇ ਦੇਸ਼ ਸਤਿ ਮੰਡਲ ਸਚਖੰਡ ਵਿਚ ਵਸਣਾ ਹੈ, ਜਿਥੇ ਕਦੇ ਹਨੇਰਾ ਨਹੀਂ, ਸਦਾ ਚਾਨਣਾ ਹੀ ਚਾਨਣਾ ਹੈ; ਕੋਟਾਨ ਕੋਟ ਸੂਰਜਾਂ ਦੇ ਉਜਿਆਰੇ ਤੋਂ ਭੀ ਵਧੀਕ ਉਜਿਆਰਾ ਹੈ। ਜੈਸੇ ਕਿ :–

ਨਾਮੁ ਜਪਤ ਕੋਟਿ ਸੂਰ ਉਜਾਰਾ,ਬਿਨਸੈ ਭਰਮੁ ਅੰਧੇਰਾ ॥
[ਪੰਨਾ ੭੦੦

ਗੁਰਵਾਕ ਸਾਖੀ ਭਰਦਾ ਹੈ। ਸਤਿਗੁਰਾਂ ਤੋਂ ਬੇਮੁਖ ਸੰਸਾਰੀਆਂ ਲਈ ਚਾਹੇ ਲੱਖ ਸੂਰਜ ਚੜ੍ਹਨ ਤਦ ਭੀ ਅਨ੍ਹੇਰ ਘੁਪ ਹੀ ਹੈ ਅਤੇ ਉਹ ਅਨ੍ਹੇਰੇ ਦੇ ਹੀ ਘੁੱਗੂ ਮਟ-ਵਾਸੀ ਹਨ। ਕਿਉਂਕਿ :–

ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ, ਗੁਰ ਬਿਨੁ ਘੋਰ ਅੰਧਾਰ ॥੨॥
[ਪੰਨਾ ੪੬੩

ਸੋ ਅਤੀ ਮੰਦ ਭਾਗ ਉਨ੍ਹਾਂ ਦੇ ਹਨ ਜੋ ਸਤਿਗੁਰੂ ਰੂਪੀ ਸਚੇ ਸੂਰਜ ਦੇ ਪਰਗਟ ਹੋਣ ਪਰ ਭੀ ਧੁੰਧ-ਗੁਬਾਰੀ ਦੁਨੀਆ ਵਿਚ ਹੀ ਚੜ੍ਹੇ ਰਹਿਣ।

---

# ਓਸ ਲਾਲ ਦੀ ਕਦਰ

[ਪਹਿਲੇ ਸਫ਼ੇ ਤੇ ਦਿਤੀ ਫ਼ਾਰਸੀ ਗਜ਼ਲ ਦਾ ਪੰਜਾਬੀ ਅਨੁਵਾਦ]

ਮਾਹੀ ਦੇ ਚੰਦ-ਮੁਖ ਦੇ ਕੈਦੀ, ਦੀਨ ਦੁਨੀ ਹਨ ਪਿਆਰੇ।
ਉਸ ਦੀ ਇਕ ਇਕ ਕੇਸ-ਤਾਰ ਤੋਂ, ਲੋਕ ਦੋਇ ਮੈਂ ਵਾਰੇ ॥੧॥

ਤਾਬ ਸਹਾਰਾਂ ਪਲਕ ਉਦ੍ਹੀ ਦੀ, ਕੀ ਪਾਂਇਆ ਹੈ ਮੇਰੀ ?
ਰੂਹ ਉਚਿਆਣ ਵਾਲੀ ਮੈਨੂੰ, ਇਕੋ ਨਜ਼ਰ ਬਥੇਰੀ ॥੨॥

ਸੂਫ਼ੀ ਕਦੇ, ਕਦੇ ਉਹ ਜ਼ਾਹਿਦ, ਕਦੇ ਕਲੰਦਰ ਬਣਦਾ।
ਸਾਡਾ ਸੁਘੜ ਸਜਨ ਰੰਗ ਢੰਗ ਦੇ, ਰੂਪਕ-ਤਾਣੇ ਤਣਦਾ ॥੩॥

ਓਸ ਲਾਲ ਦੀ ਕਦਰ ਕੋਈ ਨਾ, ਦੁਨੀਆ ਵਿਚ ਪਛਾਣੇ।
ਕੇਵਲ ਛਲਕੀ ਅੱਖ ਆਸ਼ਕ ਦੀ, ਉਸ ਦੇ ਮੁੱਲ ਨੂੰ ਜਾਣੇ ॥੪॥

ਯਾਦ ਨਸ਼ੀਲੀ ਨਰਗਸ ਅੰਦਰ, ਦਿਲ ਆਸ਼ਕ ਦਾ ਜੀਵੇ।
ਹੋ ਹੁਸ਼ਿਆਰ ਸ਼ਰਾਬ ਪ੍ਰੇਮ ਦੀ, ਗਟ ਗਟ ਕਰ ਕੇ ਪੀਵੇ ॥੫॥

[ਸ: ਵਿਧਾਤਾ ਸਿੰਘ 'ਤੀਰ'



www.AKJ.Org

# ਗੁਰਦੁਆਰਿਆਂ ਸੰਬੰਧੀ ਖ਼ਾਲਸਈ ਕਰਤੱਵ

[ਵਲੋਂ—ਸ: ਕਰਮ ਸਿਘ ਜੀ ਹਿਸਟੋਰੀਅਨ]

ਸਿਖ ਦਾ ਜੀਵਨ ਸਭ ਤੋਂ ਪਹਿਲਾਂ ਧਾਰਮਕ ਜੀਵਨ ਹੈ ਅਤੇ ਭਾਈਚਾਰਕ ਜਾਂ ਵਿਹਾਰਕ ਜੀਵਨ ਇਸ ਤੋਂ ਮਗਰੋਂ ਹੈ। ਕੋਈ ਲਾਲਚ, ਰੋਹਬ ਜਾਂ ਡਰ ਸਿੱਖ ਨੂੰ ਆਪਣੇ ਧਾਰਮਕ ਜੀਵਨ ਤੋਂ ਟਾਲ ਨਹੀਂ ਸਕਦਾ। ਸਿੱਖਾਂ ਦਾ ਇਹ ਨਿਸਚਾ ਹੈ ਕਿ ਧਰਮ ਖ਼ਾਤਰ ਜਿਤਨੇ ਦੁਖ ਸਹਾਰੇ ਜਾਣ ਉਤਨੇ ਹੀ ਧੰਨਭਾਗ ਹਨ। ਸਿੱਖ ਦੀ ਸਭ ਤੋਂ ਵਡੀ ਲਾਲਸਾ ਸਤਿਗੁਰ ਜੀ ਦੇ ਚਰਨਾਂ ਵਿਚ ਅਪੜਨ ਦੀ ਹੈ ਅਤੇ ਇਹ ਸਿਖਾਂ ਦਾ ਨਿਸਚਾ ਹੈ ਕਿ ਧਰਮ ਖ਼ਾਤਰ ਦੁਖ ਸਹਾਰਨ ਨਾਲ ਸਤਿਗੁਰ ਜੀ ਦੇ ਚਰਨਾਂ ਦੀ ਸਮੀਪਤਾ ਛੇਤੀ ਪ੍ਰਾਪਤ ਹੁੰਦੀ ਹੈ। ਐਥੋਂ ਤੀਕ ਕਿ ਜੋ ਸਿਖ ਧਰਮ ਖ਼ਾਤਰ ਸੀਸ ਦੇਂਦੇ ਹਨ ਉਹ ਸਿਧੇ ਹੀ ਸਤਿਗੁਰ ਜੀ ਦੇ ਦਰਬਾਰ ਵਿਚ ਜਾਂਦੇ ਹਨ।

ਸਿੱਖਾਂ ਨੂੰ ਸੁਰਗ ਦਾ ਲਾਲਚ ਨਹੀਂ, ਸਿੱਖਾਂ ਨੂੰ ਮੁਕਤੀ ਦਾ ਲਾਲਚ ਨਹੀਂ। ਲਾਲਚ ਹੈ ਤਾਂ ਕੇਵਲ ਇਹ ਕਿ ਇਸ ਸਰੀਰ ਨੂੰ ਛਡ ਕੇ ਸਤਿਗੁਰ ਜੀ ਦੇ ਚਰਨਾਂ ਵਿਚ ਨਿਵਾਸ ਮਿਲੇ। ਸਿਖ ਇਸੇ ਖ਼ਾਤਰ ਨਿਤ ਨੇਮ ਕਰਦਾ, ਧਰਮ ਦੀ ਕਿਰਤ ਕਮਾਂਦਾ, ਵੰਡ ਛਕਦਾ ਅਤੇ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਇਸ ਦੁਨੀਆ ਦੇ ਅਨੇਕਾਂ ਕੁਕਰਮਾਂ ਤੋਂ ਬਚਦਾ ਹੈ। ਇਤਨਾ ਕੁਝ ਕਰ ਕੇ ਵੀ ਸਿਖ ਇਹ ਨਹੀਂ ਸਮਝਦਾ ਕਿ ਮੈਂ ਜ਼ਰੂਰ ਹੀ ਸਤਿਗੁਰ ਜੀ ਦੀ ਹਜ਼ੂਰੀ ਵਿਚ ਪੁਜ ਪਵਾਂਗਾ, ਸਗੋਂ ਉਸ ਦਾ ਨਿਸਚਾ ਹੈ ਕਿ—

ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥
ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥
[ਪੰਨਾ ੨੬੧

ਪਰ ਹਰ ਇਕ ਸਿਖ ਦਾ ਇਹ ਪੱਕਾ ਨਿਸਚਾ ਹੈ ਕਿ ਜੇਕਰ ਧਰਮ ਖ਼ਾਤਰ ਸੀਸ ਲਗ ਜਾਵੇ, ਧਰਮ ਖ਼ਾਤਰ ਦੁਖ ਸਹਾਰੇ ਜਾਣ, ਤਾਂ ਕਿਸੇ ਲੇਖੇ ਦੀ ਲੋੜ ਨਹੀਂ, ਸਿਖ ਸਿਧਾ ਹੀ ਗੁਰੂ ਦੀ ਦਰਗਾਹ ਵਿਚ ਪਹੁੰਚ ਜਾਂਦਾ ਹੈ। ਹਰ ਇਕ ਸਿਖ ਦੀਆਂ ਅੱਖਾਂ ਸਾਹਮਣੇ ਇਕ ਨਜ਼ਾਰਾ ਹੈ। ਉਹ ਕਲਗੀਧਰ ਜੀ ਦਾ ਦਰਬਾਰ ਲੱਗਾ ਹੋਇਆ ਵੇਖਦਾ ਹੈ, ਚਾਰੇ ਸਾਹਿਬਜ਼ਾਦੇ ਹਾਜ਼ਰ ਹਨ, ਜਿਨ੍ਹਾਂ ਦੇ ਪਿਛੇ ਭਾਈ ਮਨੀ ਸਿੰਘ ਜੀ ਖੜੇ ਹਨ। ਮਸਨਦ ਦੇ ਪਾਸ ਹੀ ਪੰਜ ਪਿਆਰੇ ਬੈਠੇ ਹਨ, ਅਤੇ ਸਤਿਗੁਰੂ ਜੀ ਦੇ ਸਾਹਮਣੇ ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਸ਼ਹੀਦ ਸਿੰਘ ਬੈਠੇ ਹਨ। ਇਸ ਦਰਬਾਰ ਦੀ ਸੋਭਾ ਐਸੀ ਖਿੱਚ ਵਾਲੀ ਹੈ ਕਿ ਹਰ ਇਕ ਸਿਖ ਦਾ ਦਿਲ ਓਥੇ ਪੁਜਣ ਨੂੰ ਲੋਚਦਾ ਹੈ।

ਇਸ ਦਰਬਾਰ ਵਿਚ ਹਰ ਕੋਈ ਨਹੀਂ ਪੁਜ ਸਕਦਾ। ਦੁਨੀਆ ਵਿਚ ਰਹਿ ਕੇ ਕੋਈ ਆਦਮੀ ਪੂਰਾ ਨਹੀਂ ਉਤਰ ਸਕਦਾ। ਪੂਰੇ ਤੋਂ ਬਿਨਾਂ ਇਥੇ ਜਾਣ ਦੀ ਆਗਿਆ ਨਹੀਂ, ਪਰ ਜੋ ਜ਼ੁਲਮ ਖ਼ਾਤਰ ਕੁਰਬਾਨੀ ਕਰਦਾ ਹੈ ਓਹ ਇਸ ਦਰਬਾਰ ਵਿਚ ਸਿਧਾ ਜਾਂਦਾ ਹੈ। ਸਿਖਾਂ ਵਿਚ ਕੁਰਬਾਨੀ ਦਾ ਮਾਦਾ ਸਭ ਨਾਲੋਂ ਵਧੀਕ ਕਿਉਂ ਹੈ? ਸਿਖ, ਧਰਮ ਖਾਤਰ ਐਡੀ ਛੇਤੀ ਜਾਨਾਂ ਵਾਰਨ ਨੂੰ ਕਿਉਂ ਤਿਆਰ ਹੋ ਜਾਂਦੇ ਹਨ? ਕੇਵਲ ਇਸ ਕਰਕੇ ਕਿ ਐਸਾ ਕਰਨਾ ਸਤਿਗੁਰ ਦੇ ਦਰਬਾਰ ਵਿਚ ਪੁਜਣ ਦਾ ਸੁਖਾਲਾ ਵਸੀਲਾ ਹੈ।

ਧਰਮ ਖ਼ਾਤਰ ਸੀਸ ਦੇਣ ਦਾ ਜਦ ਸਮਾਂ ਆਵੇ ਤਾਂ ਸਿਖਾਂ ਨੂੰ ਚਾਉ ਚੜ੍ਹ ਜਾਂਦਾ ਹੈ। ਐਸੀ ਸੂਰਤ ਵਿਚ ਉਹ ਹਾਣ ਲਾਭ ਨਹੀਂ ਵਿਚਾਰਦੇ, ਕੁਝ ਅੱਗਾ ਪਿਛਾ ਨਹੀਂ ਸੋਚਦੇ, ਹਰ ਇਕ ਸਿਖ ਦੀ ਇਹੋ ਚਾਹਨਾ ਹੁੰਦੀ ਹੈ ਕਿ ਸਭ ਤੋਂ ਪਹਿਲਾਂ ਉਸ ਦਾ ਸੀਸ ਲਗੇ। ਉਸ ਨੂੰ ਇਹ ਦੁਨੀਆ ਨਜ਼ਰ ਨਹੀਂ ਆਉਂਦੀ ਹੁੰਦੀ, ਉਸ ਨੂੰ ਸਤਿਗੁਰੂ ਜੀ ਦਾ ਦਰਬਾਰ ਦਿਸਦਾ ਹੁੰਦਾ ਹੈ। ਉਹ ਇਸ ਦਰਬਾਰ ਵਿਚ ਪੁਜਣ ਲਈ ਕਾਹਲਾ ਹੁੰਦਾ ਹੈ। ਇਸੇ ਲਈ ਸਭ ਤੋਂ ਪਹਿਲਾਂ ਸਿਰ ਵਾਰਦਾ ਹੈ।

ਜਦ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਦੀ ਖ਼ਬਰ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਦਮਦਮੇ ਸਾਹਿਬ ਸੁਣੀ ਤਾਂ ਆਪ ਇਕੱਲੇ ਹੀ ਤੁਰ ਪਏ। ਆਪ ਚੰਗੀ ਤਰ੍ਹਾਂ ਜਾਣਦੇ ਸਨ ਕਿ ਅਸੀਂ ਇਕੱਲੇ ਕੁਝ ਨਹੀਂ ਕਰ ਸਕਾਂਗੇ, ਪਰ ਉਹਨਾਂ ਦਾ ਮਨੋਰਥ ਐਸੀਆਂ ਗਿਣਤੀਆਂ

ਵਿਚ ਪੈਣ ਦਾ ਨਹੀਂ ਸੀ। ਉਹਨਾਂ ਨੇ ਸ੍ਰੀ ਹਰਿਮੰਦਰ ਖ਼ਾਤਰ ਸ਼ਹੀਦ ਹੋਣਾ ਸੀ । ਆਪ ਤੁਰ ਪਏ ਅਤੇ ਜਿਉਂ ਜਿਉਂ ਖ਼ਬਰ ਹੁੰਦੀ ਗਈ, ਸਿੰਘ ਆਪ ਤੋਂ ਆਪ ਨਾਲ ਰਲਦੇ ਗਏ ਅਤੇ ਅੰਤ ਨੂੰ ਸਾਰੇ ਸਿੰਘ ਸ੍ਰੀ ਹਰਿਮੰਦਰ ਜੀ ਦੀ ਜੂਹ ਵਿਚ ਪਹੁੰਚ ਸ਼ਹੀਦ ਹੋ ਗਏ ।

ਅਹਿਮਦ ਸ਼ਾਹ ਅਬਦਾਲੀ ਤੀਹ ਹਜ਼ਾਰ ਪਠਾਣ ਲਈ ਆ ਰਿਹਾ ਹੈ ਅਤੇ ਸ਼ਹੀਦ ਗੁਰਬਖਸ਼ ਸਿੰਘ ਜੀ ਕੇਵਲ ਤੀਹਾਂ ਸਿੰਘਾਂ ਨਾਲ ਸ੍ਰੀ ਹਰਿਮੰਦਰ ਜੀ ਦੀ ਰਾਖੀ ਲਈ ਬੈਠੇ ਹਨ। ਜਿਉਂ ਜਿਉਂ ਸ਼ਹੀਦੀ ਦਾ ਸਮਾਂ ਨੇੜੇ ਆਉਂਦਾ ਹੈ ਤਿਉਂ ਤਿਉਂ ਪ੍ਰਸੰਨ ਹੁੰਦੇ ਹਨ। ਗਿਲਜ਼ੇ ਆਉਂਦੇ ਹਨ; ਲੜਾਈ ਹੁੰਦੀ ਹੈ, ਅਤੇ ਸਾਰੇ ਸਿੰਘ ਸ਼ਹੀਦ ਹੋ ਜਾਂਦੇ ਹਨ। ਉਹਨਾਂ ਨੂੰ ਪਤਾ ਸੀ ਕਿ ਅਸੀਂ ਇਸ ਫੌਜ ਨੂੰ ਰੋਕ ਨਹੀਂ ਸਕਾਂਗੇ । ਉਹ ਜਾਣਦੇ ਸਨ ਕਿ ਜੇਕਰ ਝਾੜਾਂ ਵਿਚ ਲੁਕ ਜਾਈਏ ਤਾਂ ਜਾਨਾਂ ਬਚ ਸਕਦੀਆਂ ਹਨ, ਪਰ ਉਹਨਾਂ ਦਾ ਭਾਵ ਜਾਨਾਂ ਬਚਾਉਣੀਆਂ ਜਾਂ ਫੌਜ ਰੋਕਣਾ ਨਹੀਂ ਸੀ । ਉਹ ਸਮਝਦੇ ਸਨ ਕਿ ਭਾਗਾਂ ਨਾਲ ਇਹ ਸੁਭਾਗ ਸਮਾਂ ਹੱਥ ਆਇਆ ਹੈ, ਅਸਾਂ ਸ਼ਹੀਦ ਹੋਣਾ ਹੈ ਅਤੇ ਸਤਿਗੁਰ ਦੇ ਹਜ਼ੂਰ ਪੁਜਣਾ ਹੈ ।

ਚੇਤੇ ਰਹੇ, ਸਿਖ ਦਾ ਜੀਵਨ ਸਭ ਤੋਂ ਪਹਿਲਾਂ ਧਾਰਮਕ ਜੀਵਨ ਹੈ। ਧਰਮ ਖ਼ਾਤਰ ਸਿਖ ਸਭ ਕੁਝ ਵਾਰ ਸਕਦਾ ਹੈ । ਜਾਨ, ਮਾਲ, ਇਜ਼ਤ-ਅਬਰੋ ਅਤੇ ਆਪਣਾ ਸਭ ਕੁਝ ਧਰਮ ਖ਼ਾਤਰ ਵਾਰਨ ਨੂੰ ਸਿੱਖ ਆਪਣੇ ਧੰਨ ਭਾਗ ਸਮਝਦਾ ਹੈ । ਸਿਖ ਬਾਣੀਆਂ ਵਾਲੇ ਲੇਖੇ ਨਹੀਂ ਕਰਦਾ, ਹਟਵਾਣੀਆਂ ਵਾਲੇ ਵਾਧੇ ਘਾਟੇ ਨਹੀਂ ਸੋਚਦਾ, ਉਹ ਧਰਮ ਖ਼ਾਤਰ ਕੁਰਬਾਨੀ ਕਰਨੀ ਚਾਹੁੰਦਾ ਹੈ ਅਤੇ ਬਸ !

ਗੁਰਦੁਆਰੇ ਸਿਖੀ ਦਾ ਇਕ ਧਾਰਮਿਕ ਅੰਗ ਹਨ। ਸਿਖ ਆਪਣੇ ਗੁਰਦੁਆਰਿਆਂ ਦੀ ਬੇਅਦਬੀ ਹੁੰਦੀ ਨਹੀਂ ਵੇਖ ਸਕਦਾ। ਖ਼ਾਨ ਬਹਾਦਰ ਨੇ ਮਾਝੇ ਵਿਚੋਂ ਸਿੰਘਾਂ ਨੂੰ ਕਢ ਦਿਤਾ ਅਤੇ ਮੰਡਿਆਲੀ ਦਾ ਮੱਸਾ ਰੰਘੜ ਸ੍ਰੀ ਅੰਮ੍ਰਿਤਸਰ ਜੀ ਦਾ ਮਾਲਕ ਬਣ ਬੈਠਾ । ਉਹ ਸ੍ਰੀ ਹਰਿਮੰਦਰ ਵਿਚ ਬੈਠ ਕੇ ਸ਼ਰਾਬ ਪੀਂਦਾ ਅਤੇ ਕੰਜਰੀਆਂ ਦੇ ਮੁਜਰੇ ਕਰਾਉਂਦਾ। ਸਿੰਘ ਬਿਪਤਾ ਦੇ ਮਾਰੇ ਦੂਰ ਦੂਰ ਚਲੇ ਗਏ ਸਨ ਓਥੇ ਉਹਨਾਂ ਨੂੰ ਪਤਾ ਨਹੀਂ ਸੀ ਕਿ ਸ੍ਰੀ ਹਰਿਮੰਦਰ ਜੀ ਦੀ ਐਸੀ ਬੇਅਦਬੀ ਹੋ ਰਹੀ ਹੈ।

ਇਕ ਸਿੰਘ ਜੈ ਪੁਰ ਪੁਜਾ ਅਤੇ ਭਾਈ ਮਤਾਬ ਸਿੰਘ ਮੀਰਾਂ ਕੋਟੀਏ ਨੂੰ ਇਹ ਦੁਖ ਭਰੀ ਵਾਰਤਾ ਜਾ ਸੁਣਾਈ। ਗੁਰਦੁਆਰੇ ਦੀ ਬੇਅਦਬੀ ਸੁਣ ਕੇ ਸਿੰਘ ਦਾ ਕਾਲਜਾ ਛਾਨਣੀ ਛਾਨਣੀ ਹੋ ਗਿਆ। ਉਸ ਨੇ ਕਾਹਲੀ ਨਾਲ ਪੁਛਿਆ—'ਕੀ ਓਥੇ ਕੋਈ ਸਿੰਘ ਨਹੀਂ ਸੀ ਜੋ ਆਪਣਾ ਸੀਸ ਵਾਰ ਦੇਂਦਾ ?' ਉਸ ਰਾਹੀ ਨੇ ਸਹਿਜ ਨਾਲ ਉੱਤਰ ਦਿਤਾ ਕਿ ਆਪ ਵੀ ਤਾਂ ਸਿੰਘ ਹੀ ਹੋ, ਜਿਕੁਰ ਆਪ ਜਾਨ ਬਚਾਉਂਦੇ ਫਿਰਦੇ ਹੋ, ਇਸੇ ਤਰ੍ਹਾਂ ਹੋਰ ਸਿੰਘ ਵੀ ਲੁਕੇ ਫਿਰਦੇ ਹਨ, ਸੀਸ ਵਾਰੇ, ਤਾਂ ਕੌਣ ਵਾਰੇ ?

ਭਾਈ ਮਤਾਬ ਸਿੰਘ ਨੇ ਉਸੇ ਵੇਲੇ ਕਮਰ-ਕੱਸਾ ਕਰ ਲਿਆ, ਅਤੇ ਧਾਰ ਲਿਆ ਕਿ ਜਾਂ ਤਾਂ ਸੀਸ ਵਾਰ ਦੇਣਾ ਹੈ, ਜਾਂ ਮਸੇ ਦਾ ਸਿਰ ਲਾਹ ਦੇਣਾ ਹੈ। ਆਪ ਦੇ ਨਾਲ ਭਾਈ ਸੁਖਾ ਸਿੰਘ ਮਾੜੀ ਕੰਬੋ ਵਾਲਾ ਭੀ ਰਲ ਪਿਆ, ਅਤੇ ਦੋਹਾਂ ਸੂਰਮਿਆਂ ਨੇ ਸ੍ਰੀ ਅੰਮ੍ਰਿਤਸਰ ਜੀ ਆ ਕੇ ਸ੍ਰੀ ਹਰਿਮੰਦਰ ਜੀ ਵਿਚੋਂ ਮਸੇ ਰੰਘੜ ਦਾ ਸਿਰ ਵੱਢ ਲਿਆ।

ਮੀਰ ਮਨੂੰ ਦਾ ਸਮਾਂ ਸੀ, ਅਤੇ ਸਿੰਘਾਂ ਉਤੇ ਕਹਿਰ ਦੀ ਹਵਾ ਝੁੱਲ ਰਹੀ ਸੀ; ਜਦ ਨਾਸਰ ਅਲੀ ਤੇ ਜਲੰਧਰ ਦੇ ਹੋਰ ਪਠਾਣਾਂ ਨੇ ਰਲ ਕੇ ਕਰਤਾਰ ਪੁਰ ਦੇ ਗੁਰਦੁਆਰੇ ਦੀ ਬੇਅਦਬੀ ਜਾ ਕੀਤੀ, ਅਤੇ ਥੰਮ੍ਹ ਸਾਹਿਬ ਨੂੰ ਸਾੜ ਕੇ ਉਥੇ ਗਊਆਂ ਦਾ ਖ਼ੂਨ ਡੋਲ੍ਹਿਆ । ਸਿੰਘ ਲਚਾਰ ਸਨ, ਖਿੰਡੇ ਪੁੰਡੇ ਸਨ, ਇਸ ਲਈ ਕਰ ਕੁਝ ਨਹੀਂ ਸਕਦੇ ਸਨ। ਓਦੋਂ ਹੀ ਮੀਰ-ਮਨੂੰ ਮਰ ਗਿਆ, ਅਤੇ ਫਿਰ ਛੇਤੀ ਹੀ ਅਹਿਮਦਸ਼ਾਹ ਅਬਦਾਲੀ ਏਧਰ ਆ ਗਿਆ। ਸਿੰਘਾਂ ਦਾ ਗੁਸਾ ਜਲੰਧਰ ਦੇ ਪਠਾਣਾਂ ਉਤੇ ਸੀ ਪਰ ਜਲੰਧਰ ਨੂੰ ਸੋਧਣਾ ਕੋਈ ਸੁਖਾਲਾ ਜਿਹਾ ਕੰਮ ਨਹੀਂ ਸੀ, ਕਿਉਂ ਜੋ ਇਥੇ ਬਹੁਤ ਸਾਰੀ ਦੁਰਾਨੀ ਫ਼ੌਜ ਸੀ ।

ਸੋਢੀ ਵਡਭਾਗ ਸਿੰਘ ਜੀ ਨੇ ਸਿੰਘਾਂ ਨੂੰ ਹੱਲਾ-ਸ਼ੇਰੀ ਦਿੱਤੀ ਅਤੇ ਅਦੀਨਾ ਬੇਗ ਭੀ ਏਹਨਾਂ ਦੇ ਨਾਲ ਰਲ ਗਿਆ। ਗਿਲਜਿਆਂ ਨਾਲ ਟਾਕਰਾ ਹੋਇਆ ਅਤੇ ਜਿਤ ਸਿੰਘਾਂ ਦੀ ਹੋਈ। ਹੁਣ ਸਿੰਘਾਂ ਨੂੰ ਰੋਕਣ ਵਾਲਾ ਕੌਣ ਸੀ, ਸਿਧੇ ਜਲੰਧਰ ਅਪੜੇ ਅਤੇ ਪਠਾਣਾਂ ਦੀ ਉਹ ਬਾਬ ਕੀਤੀ


www.AKJ.Org

ਕਿ ਮੁੜ ਉਹਨਾਂ ਨੂੰ ਤਾਬ ਨ ਆਈ।

ਇਸ ਸਮੇਂ (ਸੰਮਤ ੧੮੧੪) ਲਾਹੌਰ ਦਾ ਹਾਕਮ ਅਹਿਮਦ ਸ਼ਾਹ ਅਬਦਾਲੀ ਦਾ ਪੁੱਤਰ ਤੈਮੂਰ ਸ਼ਾਹ ਸੀ। ਇਹ ਸਿੰਘਾਂ ਪਾਸੋਂ ਇਸ ਭਾਂਜ ਦਾ ਬਦਲਾ ਤਾਂ ਨਾ ਲੈ ਸਕਿਆ ਪਰ ਆਪਣਾ ਗੁਸਾ ਮੱਠਾ ਕਰਨ ਲਈ ਸ੍ਰੀ ਹਰਿਮੰਦਰ ਜੀ ਦੇ ਤਲਾਉ ਨੂੰ ਮਿੱਟੀ ਨਾਲ ਭਰਵਾ ਦਿਤਾ ਅਤੇ ਹੋਰ ਕਈ ਤਰ੍ਹਾਂ ਦੀ ਬੇਅਦਬੀ ਕੀਤੀ। ਜਦ ਇਹ ਖਬਰ ਦਮਦਮੇ ਸਾਹਿਬ ਪੁਜੀ ਤਾਂ ਸ਼ਹੀਦ ਬਾਬਾ ਦੀਪ ਸਿੰਘ ਜੀ ਇਕੱਲੇ ਹੀ ਕਮਰ-ਕੱਸਾ ਕਰ ਕੇ ਤੁਰ ਪਏ। ਰਾਹ ਵਿਚ ਖਾਲਸੇ ਆਪ ਨਾਲ ਰਲਦੇ ਤਾਂ ਗਏ, ਪਰ ਆਪ ਸ਼ਹੀਦੀ ਦੇ ਚਾਉ ਵਿਚ ਐਸੇ ਤਿੱਖੇ ਆ ਰਹੇ ਸਨ ਕਿ ਆਪ ਨਾਲ ਪੰਜ ਸੌ ਤੋਂ ਵਧ ਸਿੰਘ ਨਾ ਰਲ ਸਕੇ। ਸ੍ਰੀ ਅੰਮ੍ਰਿਤਸਰ ਜੀ ਗਿਲਜਿਆਂ ਦੀ ਬਹੁਤ ਫੌਜ ਪਈ ਸੀ, ਆਹਮੋ-ਸਾਹਮਣੇ ਟਾਕਰਾ ਹੋਇਆ, ਸਾਰੇ ਸ਼ਿੰਘ ਗੁਰਦੁਆਰੇ ਦੀ ਜੂਹ ਵਿਚ ਤੇ ਗੁਰਦੁਆਰੇ ਦੇ ਸਾਹਮਣੇ ਸ਼ਹੀਦ ਹੋ ਗਏ ਅਤੇ ਦਸ ਦਿਤਾ ਕਿ ਸਿੰਘਾਂ ਵਿਚ ਗੁਰਦੁਆਰਿਆਂ ਸੰਬੰਧੀ ਐਤਨੀ ਕੁ ਅਣਖ ਹੈ।

ਜਦ ਇਸ ਸਾਕੇ ਦੀ ਖਬਰ ਖਾਲਸੇ ਨੂੰ ਲੱਗੀ ਤਾਂ ਝਾੜ ਝਾੜ ਵਿਚੋਂ ਖਾਲਸਾ ਨਿਕਲ ਆਇਆ। ਪਠਾਣਾਂ ਲਈ ਹੁਣ ਲਾਹੌਰ ਤੋਂ ਉਰੇ ਕੋਈ ਪਨਾਹ ਨਹੀਂ ਸੀ। ਸਿੰਘ ਜੋਸ਼ ਵਿਚ ਆਏ ਹੋਏ ਸਨ, ਅਤੇ ਗੁਰਦੁਆਰੇ ਦੀ ਬੇਅਦਬੀ ਤੇ ਸ਼ਹੀਦਾਂ ਦਾ ਸਾਕਾ ਉਹਨਾਂ ਦੀਆਂ ਅੱਖਾਂ ਸਾਹਮਣੇ ਸੀ, ਮਰਨ ਮਾਰਨ ਨੂੰ ਤਿਆਰ ਸਨ। ਅੰਤ ਪਠਾਣਾਂ ਨੇ ਟਾਕਰਾ ਕੀਤਾ, ਬਥੇਰਾ ਲੜੇ, ਪਰ ਭਾਂਜ ਖਾਧੀ ਅਤੇ ਲਾਹੌਰ ਉਤੇ ਖਾਲਸਾ ਜੀ ਦਾ ਕਬਜ਼ਾ ਹੋ ਗਿਆ। ਇਹ ਗੱਲ ਸੰਮਤ ੧੮੧੪ ਬਿ: ਦੀ ਹੈ।

ਜੇਕਰ ਗੁਰਦੁਆਰੇ ਦੀ ਬੇਅਦਬੀ ਨਾ ਹੋਈ ਹੁੰਦੀ ਤਾਂ ਸਿੰਘਾਂ ਵਿਚ ਐਤਨਾ ਜੋਸ਼ ਕਦੇ ਪੈਦਾ ਨਹੀਂ ਹੋਣਾ ਸੀ। ਹੁਣ ਸਿੰਘ ਸ਼ਹੀਦ ਹੋਣ ਨੂੰ ਤਿਆਰ ਸਨ। ਇਸ ਤੋਂ ਚਾਰ ਸਾਲ ਮਗਰੋਂ ਜਦ ਵਡੇ ਘੱਲੂ-ਘਾਰੇ ਤੋਂ ਮੁੜਦਿਆਂ ਹੋਇਆਂ ਅਹਿਮਦਸ਼ਾਹ ਅਬਦਾਲੀ ਨੇ ਬਰੂਦ ਨਾਲ ਸ਼੍ਰੀ ਹਰਿਮੰਦਰ ਸਾਹਿਬ ਜੀ ਉਡਾ ਦਿਤਾ ਅਤੇ ਗੁਰਦੁਆਰੇ ਦੀ ਫੇਰ ਬੇਅਦਬੀ ਕੀਤੀ, ਤਾਂ ਸਿੰਘਾਂ ਨੇ ਜੋਸ਼ ਵਿਚ ਆ ਕੇ ਕਸੂਰ ਅਤੇ ਸਰਹਿੰਦ ਜਹੇ ਤੁਰਕਾਨੀ ਅੱਡਿਆਂ ਨੂੰ ਸਹਿਜ ਨਾਲ ਹੀ ਲੈ ਗਿਆ। ਖ਼ਾਲਸਈ ਖ਼ੂਨ ਨੂੰ ਕੋਈ ਗੱਲ ਐਡੀ ਛੇਤੀ ਜੋਸ਼ ਵਿਚ ਨਹੀਂ ਲਿਆਉਂਦੀ, ਜਿੱਡੀ ਛੇਤੀ ਕਿ ਗੁਰਦੁਆਰਿਆਂ ਦੀ ਬੇਅਬਦੀ ਦੀ ਖਬਰ, ਅਤੇ ਕੁਰਬਾਨੀ ਕਰਨ ਲਈ ਖ਼ਾਲਸਾ ਐਤਨਾ ਕਾਹਲਾ ਕਦੇ ਨਹੀਂ ਹੋਇਆ ਜਿਤਨਾ ਕਿ ਗੁਰਦੁਆਰਿਆਂ ਦੀ ਖ਼ਾਤਰ।

---

## ਪਾਠਕਾਂ ਤੋਂ ਖਿਮਾ

੧. ਜੁਲਾਈ ਦਾ ਪਰਚਾ ਸੈਂਸਰ ਦੀ ਕਾਂਟ ਛਾਂਟ ਕਾਰਨ ਅਸੀਂ ਕੇਵਲ ੧੬ ਸਫੇ ਦਾ ਹੀ ਆਪ ਨੂੰ ਭੇਜ ਸਕੇ ਹਾਂ। ਕਈ ਪਾਠਕਾਂ ਦੀਆਂ ਚਿਠੀਆਂ ਪੁਜ ਰਹੀਆਂ ਹਨ ਕਿ ੧੭ ਤੋਂ ੪੦ ਤਕ ਸਫੇ ਉਨ੍ਹਾਂ ਨੂੰ ਭੇਜੇ ਜਾਣ। ਉਹ ਸਫੇ ਐਮਰਜੈਂਸੀ ਕਾਰਨ ਕਾਂਟ ਛਾਂਟ ਵਿਚ ਆ ਜਾਣ ਕਰਕੇ ਨਹੀਂ ਭੇਜੇ ਜਾ ਸਕਦੇ।

---

## ਆਗਰੇ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਸੰਗਤਾਂ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਆਗਰੇ ਵਿਚ ਸਾਲਾਨਾ ਅਖੰਡ ਕੀਰਤਨ ਸਮਾਗਮ ੧ ਤੋਂ ੩ ਨਵੰਬਰ ਨੂੰ ਹੋ ਰਹੇ ਹਨ। ਵੇਰਵੇ ਸਹਿਤ ਪ੍ਰੋਗਰਾਮ ਆਉਂਦੇ ਪਰਚੇ ਵਿਚ ਦਿਤਾ ਜਾਵੇਗਾ।

ਪੁੱਛ ਗਿੱਛ—
੪/੪੫੩ ਬਾਲੂ ਗੰਜ, ਆਗਰਾ ਛਾ:

ਦਾਸਰੇ—ਅਖੰਡ ਕੀਰਤਨੀ ਜੱਥਾ, ਆਗਰਾ


www.AKJ.Org

# 'ਸਿਖ' ਅਮੀਰ, ਪਰ 'ਸਿੱਖੀ' ਗ਼ਰੀਬ

ਗੁਰੂ ਸਾਹਿਬਾਨ ਦੇ ਸਮੇਂ ਨਾਲੋਂ ਹੁਣ ਪਰਚਾਰ ਦੇ ਾਧਨ ਵਧ ਹਨ । ਇਕ ਥਾਂ ਤੋਂ ਦੂਜੇ ਥਾਂ ਲਈ ਪੈਦਲ ਾਣ ਦੀ ਬਜਾਏ ਹਵਾਈ ਜਹਾਜ਼ ਤਕ ਉਪਲਬਧ ਹੋ ਕਦਾ ਹੈ । ਪਰਚਾਰਕਾਂ ਦੀ ਗਿਣਤੀ ਭੀ ਬਥੇਰੀ ਹੈ ਅਤੇ ਖ ਅਖਵਾਉਣ ਵਾਲੇ ਵੀ ਲਖੂਖਾਂ ਹਨ । ਪੁਰਾਤਨ ਮੇਂ ਸਿਖ ਘਟ ਸਨ ਤੇ ਉਨ੍ਹਾਂ ਪਾਸ ਆਰਥਕ ਉਨਤੀ ਈ ਸਾਧਨ ਭੀ ਘਟ ਸਨ, ਪਰ ਸਿਖੀ ਅਮੀਰ ਸੀ—ਖਾਂ ਵਿਚ ਸ਼ਰਧਾ ਸੀ ਆਪਣੇ ਗੁਰੂ ਪ੍ਰਤੀ, ਅਕਾਲਪੁਰਖ ਤੀ । ਤੇ ਅਜ ਕੀ ਹਾਲਤ ਹੈ—ਸਿਖ ਅਮੀਰ ਹੈ, ਅਰ ਕੰਡੀਸ਼ਨ ਕੋਠੀਆਂ ਵਿਚ ਰਹਿੰਦਾ ਹੈ, ਉਹ ਜ਼ਮੀਦਾਰ ਹੈ, ਕਾਰਖ਼ਾਨੇਦਾਰ ਹੈ, ਵਪਾਰੀ ਹੈ, ਾਇੰਸਦਾਨ ਹੈ, ਡਾਕਟਰ ਹੈ, ਬੈਂਕਰ ਹੈ ਤੇ ਵਡਾ ਅਫ਼ਸਰ । ਹਰ ਖੇਤਰ ਵਿਚ ਅਗੇ ਹੈ, ਪਰ ਪਦਾਰਥਵਾਦ ਦੇ ਭਾਵ ਥੱਲੇ ਸਿੱਖ **'ਸਿਖੀ'** ਤੋਂ ਵਿਛੜਾ ਹੈ, ਇਸੇ ਲਈ ਜ 'ਸਿਖ' ਅਮੀਰ ਹੈ ਤੇ 'ਸਿਖੀ' ਗ਼ਰੀਬ ਹੈ ।

ਗੁਰਵਾਕ ਹੈ :—

'ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰੁ' ।

ਾਵ ਸਚੇ ਨਾਮ ਦੀ ਕਮਾਈ ਹੀ ਸਚਾ ਆਚਾਰ ਹੈ ।

ਆਚਾਰ ਉੱਚਾ ਬਣਾਉਣ ਲਈ ਸਾਨੂੰ 'ਗੁਰਬਾਣੀ' ੀ ਅਗਵਾਈ ਲੈਣੀ ਉਚਿਤ ਹੈ, ਕਿਉਂਕਿ :

'ਬਾਣੀ ਗੁਰੂ ਗੁਰੂ ਹੈ ਬਾਣੀ ।'

ਸਖੀ ਦਾ ਨਿਯਮ ਹੈ :

'ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵੀਚਾਰੁ' ।

ਪਰ ਜੇ ਕਰ ਸਿਖ ਰਾਤ ਨੂੰ ਦੇਰ ਨਾਲ ਸੁੱਤਾ (ਕਿਉਂਕਿ ਜ ਕਲ ਸਿਖਾਂ ਦੀ ਸ਼ਾਮ ਜਾਂ ਸਿਨੇਮੇ ਵਿਚ ਜਾਂ ਕਲੱਬਾਂ ਵਚ ਸ਼ਰਾਬ-ਨੋਸ਼ੀ ਕਰਦਿਆਂ ਬੀਤਦੀ ਹੈ) ਤਾਂ ਅੰਮ੍ਰਿਤ ਲੇ ਜਾਗ ਕਿਵੇਂ ਆਵੇਗੀ ? ਫਿਰ ਬਿਸਤਰੇ ਤੇ ਚਾਹ Bed-Tea) ਲਏ ਬਿਨਾਂ ਉਠਣਾ ਨਹੀਂ, ਨਹਾਉਣ ਤੋਂ ਬਾਅਦ ਕੰਮ ਧੰਦੇ ਦਾ ਵੇਲਾ । ਇਸ ਤਰ੍ਹਾਂ ਸਿਖ ਦਾ ਨੇਤਨੇਮ ਖੁੰਝ ਗਿਆ । ਬਾਣੀ ਨਹੀਂ ਪੜ੍ਹੀ । 'ਸਚਿਆਰ' ਬਣਨ ਲਈ ਅਗਵਾਈ ਪ੍ਰਾਪਤ ਨਹੀਂ ਕੀਤੀ ਤਾਂ ਉਸ ਵਿਚ ਨੈਤਿਕਤਾ ਕਿਥੋਂ ਆਵੇਗੀ ? 'ਸਾਧ ਸੰਗਤਿ' ਵਿਚ ਨਹੀਂ ਜੁੜਿਆ—ਸਾਖ਼ਸ਼ਾਤ ਹਾਜ਼ਰਾ ਹਜ਼ੂਰ ਸਤਿਗੁਰੂ ਦੇ ਦਰਸ਼ਨ ਨਹੀਂ ਕੀਤੇ ਤਾਂ ਉਹਦੇ ਵਿਚ ਆਤਮਿਕ ਸ਼ਕਤੀ ਕਿਵੇਂ ਆਵੇਗੀ ? ਕਿਰਤ ਕਰਦਿਆਂ ਜੇ ਰਾਤ ਵਾਲੀ ਵਿਸਕੀ ਕਾਰਨ ਸਿਰ ਨੂੰ ਚਕਰ ਹੀ ਆਉਂਦੇ ਰਹੇ ਤਾਂ ਸ੍ਰੀ ਗੁਰੂ ਰਾਮਦਾਸ ਦੇ ਬਚਨਾਂ ਨੂੰ ਕਿਵੇਂ ਕਮਾਵੇਗਾ—

'ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,
ਬਹਦਿਆਂ ਉਠਦਿਆਂ ਹਰਿ ਨਾਮ ਧਿਆਵੈ ।'

ਸਿਖ ਨੇ ਅੰਮ੍ਰਿਤ ਵੇਲਾ ਤੇ ਸ਼ਾਮ ਨੂੰ ਰਹਿਰਾਸ ਤੇ ਕੀਰਤਨ ਸੋਹਿਲਾ ਖੁੰਝਾ ਲਿਆ ਹੈ, ਇਸੇ ਲਈ 'ਸਿਖੀ' ਗਰੀਬ ਹੁੰਦੀ ਜਾ ਰਹੀ ਹੈ ।

ਸਾਡੇ ਧਰਮ-ਮੰਦਰ ਭਾਵ ਗੁਰਦੁਆਰਿਆਂ ਦੀ ਹਾਲਤ ਬੜੀ ਥੋਥੀ ਹੈ । ਗੁਰਦੁਆਰੇ ਵਧਦੇ ਜਾ ਰਹੇ ਹਨ (ਇਹ ਚੰਗੀ ਗੱਲ ਹੈ) ਪਰ ਸਿਖੀ ਘਟਦੀ ਜਾ ਰਹੀ ਹੈ—ਕਿਉਂ ?

ਕਿਉਂਕਿ ਗੁਰਦੁਆਰਿਆਂ ਤੋਂ ਲੋਕਾਂ ਨੂੰ ਤੱਤ ਵਸਤੂ ਦੀ ਪ੍ਰਾਪਤੀ ਨਹੀਂ ਹੁੰਦੀ । ਗੁਰਵਾਕ ਹੈ :

"ਡਿਠੈ ਮੁਕਤਿ ਨ ਹੋਵਈ,
ਜਿਚਰੁ ਸਬਦਿ ਨ ਕਰੇ ਵੀਚਾਰੁ ।।'

ਹਾਜ਼ਰਾ ਹਜ਼ੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਤਾਂ ਕਰ ਲਏ ਪਰ ਹੁਕਮ ਨਹੀਂ ਮੰਨਿਆ—ਸ਼ਬਦ (ਗੁਰੂ) ਦਾ ਵਿਚਾਰ ਕਰ ਕੇ ਅਮਲ ਨਹੀਂ ਕੀਤਾ ਤਾਂ ਗੁਰਦੁਆਰੇ ਜਾਣ ਦਾ ਕੀ ਲਾਭ ? ਸਾਡੇ ਗ੍ਰੰਥੀਆਂ, ਰਾਗੀਆਂ ਪਰਚਾਰਕਾਂ ਦਾ ਸੰਬੰਧ 'ਕਥਨੀ' ਨਾਲ ਹੀ ਹੈ, 'ਕਰਨੀ' ਨਾਲ ਨਹੀਂ, ਉਨ੍ਹਾਂ ਦਾ ਆਪਣਾ ਕੋਈ ਜੀਵਨ-ਆਦਰਸ਼ ਨਹੀਂ । ਉਨ੍ਹਾਂ ਪਾਸ ਦੂਜਿਆਂ ਲਈ ਉਪਦੇਸ਼ ਹੈ,ਆਪ ਭਾਵੇਂ ਉਸ ਤੇ ਚਲਣ ਜਾਂ ਨਾ । ਜੇ ਕਿਤੇ ਕੋਈ ਵਿਦਵਾਨ ਹੈਣ ਭੀ ਤਾਂ ਉਨ੍ਹਾਂ ਨੂੰ ਪਾਲਿਟਿਕਸ ਦੇ ਖੇਤਰ ਵਿਚ ਵਰਤਿਆ ਜਾਂਦਾ ਹੈ । ਇਸ ਤਰ੍ਹਾਂ ਸਿਖੀ ਗਰੀਬ ਨਾ ਹੋਵੇ ਤਾਂ ਕੀ ਹੋਵੇ?

ਗੁਰਪੁਰਬ ਮਨਾਂਦੇ ਹਾਂ, ਮਹੀਨਾ ਭਰ ਉਗਰਾਹੀਆਂ ਕਰਦੇ ਹਾਂ । ਢਾਡੀ, ਰਾਗੀ ਤੇ ਪ੍ਰਚਾਰਕ ਇਕ ਦਿਨ ਤੇ ਇਕ ਰਾਤ ਵਿਚ ਹੀ ਉਗਰਾਹੀ ਦੀ ਸਾਰੀ ਮਾਇਆ ਲੈ ਜਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਠੇਕਾ ਕਰ ਕੇ



www.AKJ.Org

ਲਿਆਂਦਾ ਹੁੰਦਾ ਹੈ। ਜੋ ਸਾਡੇ ਤੇ ਉਹਨਾਂ ਦੇ ਪਰਚਾਰ ਦਾ ਅਸਰ ਹੁੰਦਾ ਹੈ, ਸਾਨੂੰ ਸਭ ਨੂੰ ਪਤਾ ਹੈ। ਪਰਚਾਰਕਾਂ ਦਾ ਪੈਸਿਆਂ ਦਾ ਲਾਲਚ ਪੂਰਾ ਹੋ ਜਾਂਦਾ ਹੈ, ਸੰਗਤਾਂ ਦੀ ਕੰਨ-ਰਸ ਦੀ ਪੂਰਤੀ ਹੋ ਜਾਂਦੀ ਹੈ ਅਤੇ ਪ੍ਰਬੰਧਕਾਂ ਦੀ ਵਾਹ-ਵਾਹ ਹੋ ਜਾਂਦੀ ਹੈ। ਸਿਖੀ ਦੇ ਨਿਯਮਾਂ ਨੂੰ ਯਾਦ ਕਰਨਾ ਜਾਂ ਕਰਾਉਣਾ ਬੜੀ ਦੂਰ ਦੀ ਗੱਲ ਹੈ।

ਗੁਰਦੁਆਰਿਆਂ ਦੇ ਪ੍ਰਬੰਧਕ ਵੋਟਾਂ ਨਾਲ ਬਣਦੇ ਹਨ। ਜਿਸ ਦੀ ਪਾਰਟੀ ਮਜ਼ਬੂਤ, ਉਹ ਪ੍ਰਬੰਧ ਸੰਭਾਲ ਲੈਂਦਾ ਹੈ। ਪ੍ਰਧਾਨ ਜਾਂ ਸਕੱਤ੍ਰ ਜਾਂ ਪ੍ਰਬੰਧਕ ਬਣ ਕੇ ਨਿਰ-ਸੰਦੇਹ ਆਦਮੀ ਦਾ ਸਮਾਜ ਵਿਚ ਸਨਮਾਨ ਬਣਦਾ ਹੈ, ਪਰ ਲੋਕ-ਸੇਵਾ ਕਰਨ ਦੀ ਬਜਾਏ ਨਿਜੀ ਸੁਾਰਥ ਦੀ ਪੂਰਤੀ ਹੀ ਕੀਤੀ ਜਾਂਦੀ ਹੈ। ਇਸ ਲਈ ਸੰਗਤਾਂ ਨੂੰ ਚਾਹੀਦਾ ਹੈ ਕਿ ਗੁਰਦੁਆਰਿਆਂ ਦੇ ਪ੍ਰਬੰਧਕ ਜੀਵਨ ਵਾਲੇ ਪੁਰਸ਼ਾਂ ਨੂੰ ਬਣਾਉਣ ਜੋ ਗੁਰਮਤਿ ਦੇ ਧਾਰਨੀ ਹੋਣ, ਹੱਕ ਹਲਾਲ ਦੀ ਕਮਾਈ ਕਰਦੇ ਹੋਣ ਤੇ ਨਿਤਨੇਮੀ ਹੋਣ।

ਸਾਡੀ ਨੌਜਵਾਨ ਪੀੜ੍ਹੀ ਰਸਾਤਲ ਵਲ ਜਾ ਰਹੀ ਹੈ। ਉਹਨਾਂ ਨੂੰ ਮੁਢਲੀ ਅਗਵਾਈ ਮਾਪਿਆਂ ਕੋਲੋਂ ਅਤੇ ਘਰ ਦੇ ਵਾਤਾਵਰਣ ਤੋਂ ਮਿਲਦੀ ਹੈ। ਜੇ ਪਿਤਾ ਦਾੜ੍ਹੀ ਕਟਦਾ ਹੈ, ਸ਼ਰਾਬ ਪੀਂਦਾ ਹੈ, ਆਚਰਨਹੀਣ ਕਰਮ ਕਰਦਾ ਹੈ ਤਾਂ ਬੱਚੇ ਤੇ ਉਸ ਦਾ ਸਹਿਜੇ ਹੀ ਬੁਰਾ ਅਸਰ ਪਵੇਗਾ। ਉਹ ਭੀ ਆਪਣੇ ਪਿਤਾ ਜਾਂ ਭਰਾ ਵਾਂਗ ਸ਼ਰਾਬੀ, ਦਾੜ੍ਹੀ-ਕਟਾ ਤੇ ਵਿਭਚਾਰੀ ਹੋ ਨਿਬੜੇਗਾ। ਇਸ ਪ੍ਰਕਾਰ ਬਹੁਤ ਸਾਰੇ ਸਿਖ ਖ਼ਾਨਦਾਨ ਤਬਾਹ ਹੋ ਰਹੇ ਹਨ। ਸਿਖ ਭੁਲ ਗਿਆ ਬਾਣੀ ਨੂੰ :

'ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ
ਆਇ। ਝੂਠਾ ਮਦੁ ਮੂਲਿ ਨ ਪੀਚਈ ਜੇ ਕਾ
ਪਾਰਿ-ਵਸਾਇ'।

ਤੇ ਅੰਮ੍ਰਿਤ ਛਕਣ ਦੀ ਥਾਂ ਚਲਦੇ ਹਨ ਦੌਰ ਸ਼ਰਾਬਾਂ ਦੇ। ਇਸ ਕੌਮ ਦਾ ਸਤਿਗੁਰ ਰਾਖਾ!

ਖ਼ਾਲਸਾ ਸਕੂਲਾਂ-ਕਾਲਜਾਂ ਦੇ ਹੈਡਮਾਸਟਰ ਤੇ ਪ੍ਰਿੰਸੀਪਲ (ਕੁਝ ਇਕ ਨੂੰ ਛਡ ਕੇ) ਖ਼ੁਦ ਤਾਂ ਸ਼ਰਾਬ ਦਾ ਸੇਵਨ ਕਰਦੇ ਹਨ, ਪਰ ਵਿਦਿਆਰਥੀਆਂ ਵਿਚ ਸ਼ਰਾਬ ਦੇ ਵਿਰੁਧ ਪਰਚਾਰ ਕਰਦੇ ਹਨ। ਕੀ ਅਸਰ ਪਵੇਗਾ ਵਿਦਿਆਰਥੀਆਂ ਤੇ ਉਨ੍ਹਾਂ ਦੇ ਲੈਕਚਰਾਂ ਦਾ?

ਉਹ ਆਪ ਤਾਂ ਅੰਮ੍ਰਿਤਧਾਰੀ ਹੁੰਦੇ ਨਹੀਂ, ਵਿਦਿਆਰਥੀਆਂ ਵਿਚ ਅੰਮ੍ਰਿਤਧਾਰੀ ਹੋਣ ਦਾ ਪ੍ਰਚਾਰ ਕਰਦੇ ਹਨ। ਅਧਿਆਪਕ ਦਾੜ੍ਹੀਆਂ ਕਟਾਉਂਦੇ ਤੇ ਰੋਮਾਂ ਦੀ ਬੇਅਦਬੀ ਕਰਦੇ ਹਨ। ਜਿਨ੍ਹਾਂ ਨੇ ਕੌਮ ਦੀ ਪਨੀਰੀ ਨੂੰ ਉਭਾਰਨਾ ਸੀ, ਜੇ ਉਹ ਆਪ ਹੀ ਰੁੜ੍ਹ ਜਾਂਦੇ ਹੋਣ ਤਾਂ ਵਿਦਿਆਰਥੀਆਂ ਨੂੰ ਕਿਥੋਂ ਤਾਰਨਗੇ?

ਸਮਾਂ ਬੀਤਣ ਨਾਲ ਸਾਡੇ ਵਿਚ ਆਈਆਂ ਕਮਜ਼ੋਰੀਆਂ ਦਾ ਅਨੁਚਿਤ ਲਾਭ ਉਠਾ ਰਹੀਆਂ ਹਨ ਨਵੀਆਂ ਸੰਪ੍ਰਦਾਵਾਂ। ਉਹ ਲੋਕਾਂ ਨੂੰ ਪਿਛੇ ਲਾ ਕੇ ਗੁਰੂ ਡੰਮ ਬਣਾ ਬੈਠੇ ਹਨ। ਨੌਵੇਂ ਪਾਤਸ਼ਾਹ ਵੇਲੇ ਤਾਂ ੨੨ ਗੁਰੂ, ਮੰਜੀਆਂ ਲਾ ਕੇ ਬੈਠੇ ਸਨ ਪਰ ਅਜ ਸਿਖ ਧਰਮ ਨੂੰ ਖ਼ਤਮ ਕਰਨ ਲਈ ਅਨੇਕਾਂ ਗੁਰੂ ਬਣੇ ਬੈਠੇ ਹਨ। ਨਾਮ ਲੈਣ ਦੇਣ ਦੀ ਰੀਤੀ ਬੜੀ ਪਰਚੱਲਤ ਹੋਈ ਵੀ ਹੈ। ਜਣਾ-ਖਣਾ ਨਾਮ-ਦਾਤਾ ਬਣਿਆ ਫਿਰਦਾ ਹੈ। ਸਿਖਾਂ ਲਈ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਣ ਸਮੇਂ ਦ੍ਰਿੜ੍ਹਾਏ ਨਾਮ ਤੋਂ ਬਿਨਾਂ ਕਿਸੇ ਪਾਸੋਂ ਕਿਸੇ ਪ੍ਰਕਾਰ ਦਾ ਨਾਮ ਲੈਣਾ ਵਿਵਰਜਤ ਹੈ। ਅਸੀਂ ਆਪਣੇ ਵਿਰਸੇ ਤੋਂ ਵੰਚਿਤ ਹੁੰਦੇ ਜਾ ਰਹੇ ਹਾਂ। ਸਾਡਾ ਸੁਨਹਿਰੀ ਇਤਿਹਾਸ, ਸਾਡਾ ਅਮੀਰ ਸਭਿਆਚਾਰ, ਸਾਡਾ ਲਾਸਾਨੀ ਧਾਰਮਿਕ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ', ਜਿਸ ਨੂੰ ਅਸੀਂ ਹਾਜ਼ਰ ਨਾਜ਼ਰ 'ਸਤਿਗੁਰ' ਕਹਿੰਦੇ ਹਾਂ, ਸਾਡੇ ਪਾਸ ਪਿਉ ਦਾਦੇ ਦਾ ਬਹੁਮੁਲਾ ਖ਼ਜ਼ਾਨਾ ਹੈ, ਪਰ ਭਲਾ ਸਾਡਾ ਤਾਂ ਹੀ ਹੋਵੇਗਾ ਜੇ ਅਸੀਂ ਇਸ ਤੇ ਪੂਰਾ ਨਿਸਚਾ ਰਖੀਏ ਤੇ ਆਤਮ-ਸਮਰਪਣ ਕਰੀਏ ਸਤਿਗੁਰੂ ਜੀ ਨੂੰ। ਆਪਣੇ ਨੌਜਵਾਨਾਂ ਨੂੰ ਪਤਿਤਪੁਣੇ ਤੋਂ ਬਚਾਉਣ ਲਈ ਸ਼ੁਭ ਅਮਲਾਂ ਦੁਆਰਾ ਗੁਰਮਤਿ ਪਰਚਾਰੀ ਜਾਵੇ। ਅਤੇ ਗੁਰਦੁਆਰਿਆਂ ਵਿਚ ਪ੍ਰਚੱਲਤ ਗ਼ਲਤ ਮਰਿਆਦਾ ਨੂੰ ਠੀਕ ਕੀਤਾ ਜਾਵੇ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦਾ ਪਾਠ ਕਰਨ ਲਈ ਹਰੇਕ ਨੂੰ ਪੰਜਾਬੀ ਪੜ੍ਹਾਈ ਜਾਵੇ ਅਤੇ ਗੁਰਮਤਿ ਦੀ ਰਹਿਤ ਰਹਿਣੀ ਪਰਚਾਰੀ ਜਾਵੇ। ਆਪ ਅਮਲ ਕਰਕੇ ਹੋਰਨਾਂ ਵਾਸਤੇ ਆਦਰਸ਼ਕ ਜੀਵਨ ਜੀਵਿਆ ਜਾਏ। ਬਸ ਇਹੋ ਪਰਚਾਰ ਹੀ ਕਾਰਗਰ ਹੈ।

[ਧੰਨਵਾਦ ਸਹਿਤ ਮਾਸਿਕ 'ਗੁਰਮਤਿ ਸੁਭਾਵ' ਸ਼ਾਹਬਾਦ ਵਿਚੋਂ


www.AKJ.Org

# ਤਸਵੀਰਾਂ ਬਾਰੇ

[ਵਲੋਂ—ਸ: ਅਮਰਜੀਤ ਸਿੰਘ ਜੀ ਡਰਾਫਟਸਮੈਨ, ਦੀਮਾਪੁਰ]

'ਸੂਰਾ' ਮਾਸਕ ਪੱਤਰ ਜੂਨ ੭੫ ਵਿਚ ਤਸਵੀਰਾਂ ਬਾਰੇ ਛਪੇ ਲੇਖ ਦੇ ਉਤਰ ਵਿਚ ਸ਼੍ਰੋਮਣੀ ਕਮੇਟੀ ਦੇ ਸਕੱਤਰ ਸਾਹਿਬ ਵਲੋਂ ਲੇਖਕ ਨੂੰ ਜੋ ਚਿਠੀ ਗਈ ਹੈ ਉਹ ਇਉਂ ਹੈ:—

" 'ਗੁਰਦੁਆਰਾ ਗਜ਼ਟ' ਮਹੀਨਾ ਅਪ੍ਰੈਲ,੧੯੭੫ ਵਿਚ ਤਸਵੀਰਾਂ ਬਾਰੇ ਛਾਪੇ ਸਰਕੂਲਰ ਦੇ ਸੰਬੰਧ ਵਿਚ ਆਪ ਦੇ ਨੋਟ ਮਿਤੀ ਕੋਈ ਨਾਂ ਦੇ ਉੱਤਰ ਵਿਚ ਬਿਨੈ ਹੈ ਕਿ:—

੧. ਪੁਰਾਤਨ ਸਮੇਂ ਤੋਂ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਇਤਿਹਾਸਕ ਗੁਰਦੁਆਰਿਆਂ ਵਿਖੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਣੀਆਂ ਮਿਲਦੀਆਂ ਹਨ। ਚੂੰਕਿ ਹਰ ਸੱਜਣ ਆਪਣੇ ਘਰ ਵਿਖੇ ਗੁਰੂ ਮਹਾਰਾਜ ਦੀ ਤਸਵੀਰ ਲਗਾਉਣੀ ਚਾਹੁੰਦਾ ਹੈ ਅਤੇ ਇਸ ਕਾਰਨ ਆਰਟਿਸਟਾਂ ਨੇ ਆਪਣੇ ਆਪਣੇ ਖ਼ਿਆਲ ਮੁਤਾਬਕ ਵੱਖ ਵੱਖ ਸਰੂਪਾਂ ਦੀਆਂ ਤਸਵੀਰਾਂ ਬਣਾਈਆਂ ਹੋਈਆਂ ਹਨ ਤੇ ਬਣਾ ਰਹੇ ਹਨ; ਇਸ ਲਈ ਸੰਗਤਾਂ ਦੇ ਜ਼ੋਰ ਦੇਣ ਅਤੇ ਇਕ ਸਰੂਪ ਬਨਾਉਣ ਦੇ ਆਸ਼ੇ ਨੂੰ ਮੁਖ ਰਖ ਕੇ ਸ਼੍ਰੋਮਣੀ ਕਮੇਟੀ ਨੇ ਧਾਰਮਿਕ ਸਲਾਹਕਾਰ ਕਮੇਟੀ ਜਿਸ ਵਿਚ ਵਿਦਵਾਨ, ਪੁਰਾਣੇ ਤੇ ਮੌਜੂਦਾ ਹੈਡ ਗ੍ਰੰਥੀ ਜੀ ਸ੍ਰੀ ਹਰਿਮੰਦਰ ਸਾਹਿਬ ਅਤੇ ਜਥੇਦਾਰ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਕੇਸਗੜ੍ਹ ਸਾਹਿਬ ਸ਼ਾਮਲ ਸਨ, ਦੀ ਇਕੱਤਰਤਾ ਬੁਲਾ ਕੇ ਇਤਿਹਾਸ ਤੇ ਪੁਰਾਣੀਆਂ ਲਿਖਤਾਂ ਦੇ ਆਧਾਰ ਪੁਰ ਗੁਰੂ ਮਹਾਰਾਜ ਦੀ ਇਕ ਤਸਵੀਰ ਤਿਆਰ ਕਰਾਈ। ਇਹ ਤਸਵੀਰ ਕੇਵਲ ਇਸ ਖ਼ਿਆਲ ਨਾਲ ਤਿਆਰ ਕਰਵਾਈ ਗਈ ਸੀ ਕਿ ਗੁਰੂ ਸਾਹਿਬ ਦਾ ਚਿਹਰਾ ਇਕ ਹੀ ਹੋਵੇ। ਇਸ ਦਾ ਇਹ ਕਤਈ ਮਤਲਬ ਨਹੀਂ ਕਿ ਤਸਵੀਰ ਨੂੰ ਸੇਹਰੇ ਪਾ ਕੇ ਪੂਜਾ ਕੀਤੀ ਜਾਵੇ। ਅਸੀਂ ਤਾਂ ਅਜਿਹਾ ਕਰਨ ਤੋਂ ਰੋਕਦੇ ਹਾਂ, ਪਰ ਕਈ ਮਾਈ ਭਾਈ ਅਜਿਹੇ ਭੀ ਵੇਖੇ ਗਏ ਹਨ, ਜੋ ਸੰਗਮਰਮਰ ਦੀਆਂ ਪੌੜੀਆਂ ਆਦਿ ਨੂੰ ਹੀ ਘੁਟਨ ਲਗ ਜਾਂਦੇ ਹਨ। ਸੇਵਾਦਾਰ ਨਿਮ੍ਰਤਾ ਸਹਿਤ ਬੰਦ ਕਰਦੇ ਰਹਿੰਦੇ ਹਨ।

੨. ਗੁਰਪੁਰਬਾਂ ਸਮੇਂ ਬਿਜਲੀ ਦੀ ਸਜਾਵਟ ਕਰਨ ਵੇਲੇ ਦੁਕਾਨਦਾਰਾਂ ਵਲੋਂ ਬਲਬਾਂ ਵਿਚ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਲਗਾਈਆਂ ਜਾਣ ਕਰਕੇ ਸਰਕੂਲਰ ਰਾਹੀਂ ਪ੍ਰੇਰਨਾ ਕੀਤੀ ਗਈ ਹੈ ਕਿ ਗੁਰਪੁਰਬਾਂ ਆਦਿਕ ਸਮੇਂ ਬਿਜਲੀ ਦੀ ਸਜਾਵਟ ਕਰਦਿਆਂ ਗੁਰਦੁਆਰਾ ਸਾਹਿਬਾਨ ਵਿਖੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨਾ ਲਗਾਈਆਂ ਜਾਣ। ਇਸ ਦਾ ਇਹ ਮਤਲਬ ਕਦਾਚਿਤ ਨਹੀਂ ਕਿ ਅਗੋਂ ਪਿਛੋਂ ਤਸਵੀਰਾਂ ਲਾਈਆਂ ਜਾਣ, ਕਿਉਂਕਿ ਅਗੋਂ ਪਿਛੋਂ ਤਾਂ ਤਸਵੀਰਾਂ ਲਟਕਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਕਿਸੇ ਸਮੇਂ ਭੀ ਗੁਰਦੁਆਰਾ ਸਾਹਿਬਾਨ ਵਿਖੇ ਤਸਵੀਰਾਂ ਰਖਣੀਆਂ ਜਾਂ ਲਟਕਾਉਣੀਆਂ ਠੀਕ ਨਹੀਂ। ਅਸੀਂ ਸੰਗਤਾਂ ਨੂੰ ਬੇਨਤੀਆਂ ਕਰਕੇ ਤਸਵੀਰਾਂ ਉਤਰਾਉਣ ਲਈ ਯਤਨ ਕਰਦੇ ਚਲੇ ਆ ਰਹੇ ਹਾਂ।"

(ਸਹੀ) ਸਕੱਤਰ ਸਾਹਿਬ

ਇਸ ਪੱਤਰ ਦੀਆਂ ਅੰਤਲੀਆਂ ਪੰਕਤੀਆਂ ਵਿਖੇ ਸਕੱਤਰ ਸਾਹਿਬ ਨੇ ਸਪੱਸ਼ਟ ਕਰ ਦਿਤਾ ਹੈ ਕਿ ਕਿਸੇ ਵੀ ਗੁਰਦੁਆਰਾ ਸਾਹਿਬ ਵਿਖੇ ਕਿਸੇ ਸਮੇਂ ਵੀ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਰਖਣੀਆਂ ਜਾਂ ਲਟਕਾਉਣੀਆਂ ਮਨ੍ਹਾ ਹਨ। ਸੋ ਸਰਬ ਸੰਗਤਾਂ ਨੂੰ ਇਸ ਗੁਰਮਤਿ ਅਸੂਲ ਨੂੰ ਪਰਵਾਨ ਕਰਨਾ ਚਾਹੀਦਾ ਹੈ।

ਤਸਵੀਰਾਂ ਜੇਕਰ ਘਰਾਂ ਵਿਚ ਰਖੇ ਜਾਂ ਲਟਕਾਏ ਜਾਣ ਦੇ ਖ਼ਿਆਲ ਨਾਲ ਬਣਾਈਆਂ ਗਈਆਂ ਹਨ ਤਾਂ ਵੀ ਤਸਵੀਰਾਂ ਬਨਾਉਣੀਆਂ ਉਚਿਤ ਨਹੀਂ ਜਾਪਦੀਆਂ। ਕਿਉਂਕਿ ਜਦੋਂ ਮਨ ਵਿਚ ਇਹ ਖ਼ਿਆਲ ਹੋਵੇ ਕਿ ਅਮੁਕੀ ਤਸਵੀਰ ਗੁਰੂ ਸਾਹਿਬ ਦੀ ਹੈ ਤਾਂ ਇਸ ਅਹਿਸਾਸ ਨਾਲ ਇਹ ਵੀ ਉਚਿਤ ਹੋ ਜਾਂਦਾ ਹੈ ਕਿ ਉਸ ਤਸਵੀਰ ਦਾ ਸਤਿਕਾਰ ਵੀ ਕੀਤਾ ਜਾਵੇ। ਆਮ ਤੌਰ ਤੇ ਘਰਾਂ ਵਿਚ ਜਿਥੇ ਹੋਰ ਸੰਬੰਧੀਆਂ, ਨੇਤਾਵਾਂ ਜਾਂ ਹੋਰ ਅਲਪਗ ਸੰਸਾਰੀ ਬੰਦਿਆਂ ਦੀਆਂ ਤਸਵੀਰਾਂ ਰਖੀਆਂ ਜਾਂ



www.AKJ.Org

ਲਟਕਾਈਆਂ ਜਾਂਦੀਆਂ ਹਨ ਉਨ੍ਹਾਂ ਦੇ ਨਾਲ ਹੀ ਉਹਨਾਂ ਹੀ ਦੀਵਾਰਾਂ ਤੇ.ਉਸੇ ਕਮਰੇ ਵਿਚ ਗੁਰੂ ਸਾਹਿਬਾਨ ਦੀਆਂ ਮੰਨੀਆਂ ਜਾਂਦੀਆਂ ਤਸਵੀਰਾਂ ਰਖੀਆਂ ਜਾਂਦੀਆਂ ਹਨ। ਇਸ ਤਰ੍ਹਾਂ ਗੁਰੂ ਸਾਹਿਬਾਨ ਬਾਰੇ ਸ਼ਰਧਾ ਵਧ ਨਹੀਂ ਸਕਦੀ, ਬਲਕਿ ਸਤਿਕਾਰ ਘਟ ਹੁੰਦਾ ਹੈ। ਕਈ ਘਰਾਂ ਵਿਚ ਜਿਸ ਅਸਥਾਨ ਤੇ ਸਿਨਮੇ ਦੇ ਐਕਟਰਾਂ ਜਾਂ ਨੰਗੇਜ ਪ੍ਰਦਰਸ਼ਨ ਕਰਨ ਵਾਲੀਆਂ ਬੇਹੂਦਾ ਤਸਵੀਰਾਂ ਲਟਕਾ-ਕਾਈਆਂ ਹੁੰਦੀਆਂ ਹਨ ਉਥੇ ਨਾਲ ਹੀ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਵਾਲੇ ਕੈਲੰਡਰ ਲਟਕ ਰਹੇ ਹੁੰਦੇ ਹਨ। ਕਲੰਡਰਾਂ ਤੇ ਗੁਰੂ ਸਾਹਿਬਾਨ ਦੀਆਂ (ਫ਼ਰਜ਼ੀ) ਅਸ਼ੋਭ-ਨੀਕ ਤਸਵੀਰਾਂ ਛਪੀਆਂ ਹੁੰਦੀਆਂ ਹਨ। ਸ਼੍ਰੋਮਣੀ ਕਮੇਟੀ ਵਲੋਂ ਪਰਚਾਰਿਤ ਚੰਗੀਆਂ ਤਸਵੀਰਾਂ ਦੇ ਬਾਵਜੂਦ, ਨਾਲ ਹੀ ਇਸ ਕਿਸਮ ਦੇ ਕਲੰਡਰ ਵੀ ਘਰਾਂ ਵਿਚ ਲਟਕਾ ਕੇ ਰਖਣ ਤੋਂ ਲੋਕੀਂ ਪਰਹੇਜ਼ ਨਹੀਂ ਕਰਦੇ।

ਆਪਣੀ ਆਪਣੀ ਮਨ ਮਰਜ਼ੀ ਨਾਲ ਭਿੰਨ ਭਿੰਨ ਤਰ੍ਹਾਂ ਦੀਆਂ ਤਸਵੀਰਾਂ ਬਨਾਉਣ ਵਾਲਿਆਂ ਤੇ ਹਾਲਾਂ ਤਕ ਕੋਈ ਰੋਕ (ਪਾਬੰਦੀ) ਨਹੀਂ ਲਗੀ ਤੇ ਸ਼ਾਇਦ ਕਦੇ ਲਗੇਗੀ ਵੀ ਨਹੀਂ।

ਤਸਵੀਰਾਂ ਦਵਾਰਾ ਗੁਰੂ ਸਾਹਿਬਾਨ ਪ੍ਰਤੀ ਲੋਕਾਂ ਵਿਚ ਸ਼ਰਧਾ ਵਧੇਗੀ, ਇਹ ਖ਼ਾਮ-ਖ਼ਿਆਲੀ ਹੀ ਹੈ। ਮੁਸਲ-ਮਾਨਾਂ ਦੇ ਪੈਗੰਬਰ ਸਾਹਿਬ ਦੀ ਕੋਈ ਤਸਵੀਰ ਨਹੀਂ ਬਣਾਈ ਗਈ। ਕੀ ਮੁਸਲਮਾਨਾਂ ਦੀ ਆਪਣੇ ਪੈਗੰਬਰ ਸਾਹਿਬ ਵਲੋਂ ਸ਼ਰਧਾ ਘੱਟ ਗਈ ਹੈ? ਇਕ ਦਰੱਖ਼ਤ ਦਾ ਪੌਦਾ ਘਰੋਂ ਬਾਹਰ ਵੇਹੜੇ ਵਿਚ ਲਾ ਦਿਤਾ ਜਾਵੇ ਤਾਂ ਕੁਝ ਅਰਸੇ ਪਿਛੋਂ ਉਸਦੀ ਜੜ੍ਹ ਘਰ ਦੀ ਜ਼ਮੀਨ ਵਿਚ ਅਤੇ ਸ਼ਾਖ਼ਾਵਾਂ ਤੇ ਪਤੇ ਘਰ ਉਪਰ ਛਾ ਜਾਣਗੇ ਤੇ ਉਸ ਦਰੱਖ਼ਤ ਦੀ ਛਾਂ ਘਰ ਉਪਰ ਹੋਵੇਗੀ। ਅਜ ਤਸਵੀਰਾਂ ਘਰਾਂ ਵਿਚ ਰਖਣ ਦੀ ਚਾਹ ਨਾਲ ਬਣਾ ਕੇ ਪਰਚਾਰੀਆਂ ਜਾ ਰਹੀਆਂ ਹਨ, ਕੁਝ ਸਮੇਂ ਬਾਅਦ ਫੇਰ ਗੁਰਦੁਆਰਿਆਂ ਵਿਚ ਆ ਵੜਨਗੀਆਂ। ਇਸ ਲਈ ਕਿਸੇ ਪ੍ਰਤੀਨਿਧ ਧਾਰਮਕ ਸੰਸਥਾ ਵਲੋਂ ਗੁਰੂ ਸਾਹਿਬਾਨ ਦੀਆਂ (ਫ਼ਰਜ਼ੀ) ਤਸਵੀਰਾਂ ਬਣਵਾਉਣੀਆਂ ਤੇ ਪ੍ਰਚਾਰਨੀਆਂ ਗੁਰਮਤਿ ਅਨੁਕੂਲ ਨਹੀਂ।

**ਸੰਪਾਦਕੀ ਨੋਟ:**—ਬਿਨੈ ਹੈ ਕਿ ਸਿਖ ਮੁਖੀ ਸੰਸਥਾਵਾਂ ਨੂੰ ਨਿਰੋਲ ਗੁਰਮਤਿ ਦਾ ਪਰਚਾਰ ਕਰਨਾ ਹੀ ਉਚਿਤ ਹੈ, ਨਾ ਕਿ ਲੁਕਾਈ ਨੂੰ ਖੁਸ਼ ਕਰਨ ਖ਼ਾਤਰ ਮਨਮਤੀ ਮੰਗ ਦੇ ਅਧੀਨ ਮਨਮਤ ਪਰਚਾਰੀ ਜਾਏ। ਗੁਰੂ ਸਾਹਿਬਾਨ ਦੀਆਂ ਪਰਚਲਤ ਸਾਰੀਆਂ ਦੀਆਂ ਸਾਰੀਆਂ ਤਸਵੀਰਾਂ ਚਿਤ੍ਰਕਾਰਾਂ ਦੀਆਂ ਮਨੋਕਲਪਿਤ ਲਕੀਰਾਂ ਹੀ ਹਨ। ਗੁਰਮਤਿ ਅਨੁਸਾਰ ਇਨ੍ਹਾਂ ਦਾ ਕੌਡੀ ਮੁੱਲ ਨਹੀਂ ਹੈ। ਇਸ ਬਾਰੇ ਗੁਰਮਤਿ ਅਨੁਸਾਰ ਸਿਧ ਕੀਤਾ ਜਾ ਚੁਕਾ ਹੈ ਕਿ 'ਗੁਰ ਮੂਰਤਿ ਗੁਰ ਸ਼ਬਦ' ਹੀ ਹੈ। ਇਨ੍ਹਾਂ ਮਨੋ-ਕਲਪਿਤ ਤਸਵੀਰਾਂ ਜਾਂ ਕਿਸੇ ਇਕ ਖ਼ਾਸ ਤਸਵੀਰ ਦੇ ਪਰਚਲਤ ਕਰਨ ਨਾਲ ਕੁਝ ਲੋਕਾਂ ਨੂੰ ਭਾਵੇਂ ਖ਼ੁਸ਼ ਕੀਤਾ ਜਾ ਸਕਦਾ ਹੈ, ਪਰ ਸਿਖੀ ਦਾ ਇਸ ਨਾਲ ਕੁਝ ਨਹੀਂ ਸੌਰਦਾ, ਸਗੋਂ ਤਸਵੀਰ-ਪੂਜਾ ਨੂੰ ਸ਼ਹਿ ਮਿਲਦੀ ਹੈ। ਇਸ ਤਰ੍ਹਾਂ ਕਈ ਕਚੇ ਆਸ਼ੇ ਵਾਲੇ ਲੋਕ ਤਸਵੀਰਾਂ ਨੂੰ ਮੱਥੇ ਟੇਕਦੇ ਤੇ ਸੇਹਰੇ ਚੜ੍ਹਾਉਂਦੇ ਵੀ ਦੇਖੇ ਜਾਂਦੇ ਹਨ।

ਇਤਿਹਾਸ ਜਾਂ ਕਿਸੇ ਪੁਰਾਣੀ ਲਿਖਤ ਦੇ ਅਧਾਰ ਉਤੇ ਸਾਖੀਆਂ ਤਾਂ ਬਣ ਸਕਦੀਆਂ ਹਨ, ਪਰ ਤਸਵੀਰਾਂ ਨਹੀਂ। ਪੁਰਾਣੇ ਰੀਕਾਰਡਾਂ ਵਿਚੋਂ ਲਭੀ ਗੁਰੂ ਤੇਗ ਬਹਾਦਰ ਸਾਹਿਬ ਦੀ ਫ਼ੋਟੋ, ਉਨ੍ਹਾਂ ਦੀ ਜੀਵਨੀ ਦੇ ਟਾਈਟਲ ਉਪਰ ਗੁ: ਪ੍ਰਬੰਧਕ ਕਮੇਟੀ ਦਿਲੀ ਨੇ ਜੋ ਦਿਤੀ ਹੈ, ਉਹ ਕਿਸੇ ਮੁਗ਼ਲ ਬਾਦਸ਼ਾਹ ਦੀ ਤਾਂ ਹੋ ਸਕਦੀ ਹੈ, ਪਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕਦਾਚਿਤ ਨਹੀਂ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਵਲੋਂ ਛਪੀਆਂ ਕਈ ਪੁਸਤਕਾਂ ਵਿਚ ਵੀ ਗੁਰੂ ਨਾਨਕ ਦੇਵ ਜੀ ਦੀਆਂ ਤਰ੍ਹਾਂ ਤਰ੍ਹਾਂ ਦੀਆਂ ਤਸਵੀਰਾਂ ਮਿਲਦੀਆਂ ਹਨ। ਅਜਿਹਾ ਕਰਨਾ ਗੁਰਮਤਿ ਲਈ ਹਾਨੀਕਾਰਕ ਹੈ। ਸਤਿਗੁਰੂ ਦੀ ਅਸਲ ਮੂਰਤ 'ਗੁਰ-ਸ਼ਬਦ' ਵਲ ਤਾਂ ਕੋਈ ਧਿਆਨ ਹੀ ਨਹੀਂ ਦਿੰਦਾ, ਪਰ ਬਣਾਉਟੀ ਦਿਲ-ਪਰਚਾਵੇ ਪਰਚਾਰੇ ਜਾ ਰਹੇ ਹਨ। ਗੁਰਸਿਖਾਂ ਦਾ ਮਨ-ਪਰਚਾਵਾ 'ਗੁਰ-ਸੰਗਤ ਤੇ ਗੁਰ-ਸ਼ਬਦ' ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਹੋਰ ਓਟ ਆਸਰੇ ਭਾਲਣੇ ਫੋਕਟ ਕਰਮ ਹਨ।

www.AKJ.Org

# ਕਰਾਮਾਤ ਨਹੀਂ, ਕਰਤਬ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਚੂਕ ਨਿਸ਼ਾਨੇ

[ਵਲੋਂ—ਪ੍ਰਿੰਸੀਪਲ ਸੁਜਾਨ ਸਿੰਘ ਜੀ, ਗੁਰਦਾਸਪੁਰ]

(੧)

ਅਨੰਦਪੁਰ ਦਾ ਆਖ਼ਰੀ ਜੰਗ ਸ਼ੁਰੂ ਹੋ ਚੁੱਕਾ ਸੀ। ਕਹਿਲੂਰੀਆ, ਜੋ ਪਹਾੜੀ ਬਾਈ-ਧਾਰਾਂ ਦੇ ਰਾਜਿਆਂ ਦਾ ਆਗੂ ਸੀ, ਕਲਗੀਧਰ ਜੀ ਤੇ ਬਹੁਤ ਔਖਾ ਸੀ। ਉਸ ਨੇ ਸਾਰੇ ਪਹਾੜੀ ਰਾਜਿਆਂ ਦੇ ਦਸਖ਼ਤ ਕਰਾ ਕੇ ਇਕ ਅਰਜ਼ਦਾਸ਼ਤ ਸ਼ਹਿਨਸ਼ਾਹ ਔਰੰਗਜ਼ੇਬ ਨੂੰ ਦੱਖਣ ਵਿਚ ਭੇਜੀ ਸੀ, ਜਿਸ ਵਿਚ ਉਸ ਨੇ ਆਪਣੇ ਨਿੱਜੀ ਹਿਤ ਨੂੰ ਪੂਰਨ ਲਈ ਬਹੁਤ ਸਾਰੀਆਂ ਗ਼ਲਤ-ਬਿਆਨੀਆਂ ਕੀਤੀਆਂ ਸਨ। ਗੁਰੂ ਸਾਹਿਬ ਨੂੰ ਹਿੰਦੂਆਂ ਤੇ ਮੁਸਲਮਾਨਾਂ ਦਾ ਸਾਂਝਾ ਵੈਰੀ ਕਰਕੇ ਲਿਖਿਆ ਸੀ। ਆਪਣੇ ਆਪ ਨੂੰ ਸ਼ਹਿਨਸ਼ਾਹ ਦਾ ਨਿਮਕ-ਹਲਾਲ ਜਣਾਇਆ ਸੀ। ਨਾਲੇ ਲਿਖਿਆ ਸੀ ਕਿ ਗੁਰੂ ਤੁਹਾਡੇ ਤੋਂ ਆਪਣੇ ਪਿਤਾ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਸਾਨੂੰ ਸ਼ਾਮਲ ਕਰਨਾ ਚਾਹੁੰਦਾ ਸੀ, ਪਰ ਅਸੀਂ ਨਾਂਹ ਕਰ ਦਿੱਤੀ ਤੇ ਹੁਣ ਉਹ ਸਾਡਾ ਦੁਸ਼ਮਨ ਬਣ ਗਿਆ ਹੈ। ਉਸ ਨੇ ਕਈ ਵਾਰੀ ਸਾਨੂੰ, ਹੋਰ ਮੁਗ਼ਲ ਸੈਨਾਪਤੀਆਂ ਤੇ ਸਰਹਿੰਦ ਦੇ ਸੂਬੇਦਾਰ ਨੂੰ ਹਾਰ ਦਿਤੀ ਹੈ। ਸਾਡੀ ਉਸ ਅੱਗੇ ਕੋਈ ਪੇਸ਼ ਨਹੀਂ ਜਾਂਦੀ। ਤੁਸੀਂ ਮਾਈ ਬਾਪ ਹੋ। ਤੁਸੀਂ ਹੀ ਸਾਨੂੰ ਬਚਾਉਣ ਦਾ ਇੰਤਜ਼ਾਮ ਕਰ ਸਕਦੇ ਹੋ।

ਪਿਤਾ ਦਾ ਬਦਲਾ ਲੈਣ ਵਾਲੀ ਗੱਲ ਔਰੰਗਜ਼ੇਬ ਦੇ ਦਿਲ ਲੱਗਣੀ ਹੀ ਸੀ। ਗੁਨਾਹਗਾਰ ਆਪਣੇ ਗੁਨਾਹ ਨੂੰ ਪਛਾਣ ਕੇ ਤੋਬਾ ਨਹੀਂ ਕਰਦਾ, ਸਗੋਂ ਆਪਣੇ ਗੁਨਾਹ ਨੂੰ ਸਵਾਬ ਬਣਾ ਕੇ ਆਪਣੇ ਆਪ ਨੂੰ ਧੋਖਾ ਦਿੰਦਾ ਤੇ ਨਾਲੇ ਆਕੜਦਾ ਹੈ। ਔਰੰਗਜ਼ੇਬ ਨੇ ਦਿਲੀ, ਸਰਹਿੰਦ ਤੇ ਲਾਹੌਰ ਦੇ ਸੂਬੇਦਾਰਾਂ ਨੂੰ ਅਨੰਦਪੁਰ ਦੇ ਬਾਗ਼ੀ ਨੂੰ ਸੋਧਣ ਲਈ ਹੁਕਮਨਾਮੇ ਲਿਖ ਭੇਜੇ ਸਨ। ਦਿੱਲੀ ਤੇ ਲਾਹੌਰ ਦੀਆਂ ਫੌਜਾਂ ਸਰਹਿੰਦ ਇਕੱਠੀਆਂ ਹੋਈਆਂ ਸਨ ਤੇ ਸਰਹਿੰਦ ਦੀਆਂ ਫ਼ੌਜਾਂ ਨੂੰ ਨਾਲ ਸ਼ਾਮਲ ਕਰ ਕੇ ਅਨੰਦਪੁਰ ਵਲ ਵਧੀਆਂ ਸਨ। ਲਾਹੌਰ ਦੀ ਫ਼ੌਜ ਦਾ ਜਰਨੈਲ ਸੂਬੇਦਾਰ ਜ਼ਬਰਦਸਤ ਖ਼ਾਨ ਆਪ ਸੀ ਤੇ ਸਰਹਿੰਦ ਦੀ ਫ਼ੌਜ ਉਥੋਂ ਦੇ ਸੂਬੇਦਾਰ ਬਾਇਜ਼ੀਦ ਖ਼ਾਨ ਦੀ ਕਮਾਨ ਹੇਠ ਸੀ। ਜੰਮੂ ਅਤੇ ਜਾਲੰਧਰ ਦੀਆਂ ਸ਼ਾਹੀ ਫ਼ੌਜਾਂ ਵੀ ਰੋਪੜ ਲਾਗੇ ਆ ਸ਼ਾਮਲ ਹੋਈਆਂ। ਕਹਿਲੂਰੀਏ ਦੇ ਸੱਦੇ ਤੇ ਬਾਈਧਾਰ ਦੇ ਸਾਰਿਆਂ ਰਾਜਿਆਂ ਨੇ ਆਪੋ ਆਪਣੀਆਂ ਸੈਨਾਵਾਂ ਇਕੱਠੀਆਂ ਕੀਤੀਆਂ ਤੇ ਜੰਗ ਵਿਚ ਸ਼ਾਮਲ ਹੋਏ। ਹਜ਼ਾਰਹਾਂ ਦੀ ਗਿਣਤੀ ਵਿਚ ਸਸ਼ਤਰ ਗੁੱਜਰ, ਰੰਘੜ ਅਤੇ ਹੋਰ ਮੁਲਖਈਆ ਵੀ ਇਸ ਮਹਾਨ ਫ਼ੌਜ ਵਿਚ ਆਣ ਰਲਿਆ।

ਜੰਗ ਦੇ ਪਹਿਲੇ ਦੌਰ ਵਿਚ ਜ਼ਬਰਦਸਤ ਖ਼ਾਨ ਤੇ ਬਾਇਜ਼ੀਦ ਖ਼ਾਨ ਨੇ ਹਮਲੇ ਦੀ ਚਾਲ ਅਪਣਾਈ, ਪਰ ਇਸ ਤਰ੍ਹਾਂ ਉਨ੍ਹਾਂ ਦਾ ਖ਼ਾਲਸੇ ਤੋਂ ਕਈ ਗੁਣਾ ਜ਼ਿਆਦਾ ਨੁਕਸਾਨ ਹੋਇਆ। ਦੋਵੇਂ ਸੂਬੇਦਾਰ ਤੇ ਹੋਰ ਸੈਨਾਪਤੀ ਬੜੇ ਹੈਰਾਨ ਸਨ। ਘੋਖ ਘੋਖ ਕੇ ਉਨ੍ਹਾਂ ਇਹੋ ਨਤੀਜਾ ਕੱਢਿਆ ਕਿ ਸਿੰਘ ਮੋਰਚਿਆਂ ਵਿਚ ਲੜਦੇ ਹਨ। ਅਸੀਂ ਉਨ੍ਹਾਂ ਨੂੰ ਭੜਕਾ ਕੇ ਕਿਵੇਂ ਵੀ ਮੋਰਚਿਆਂ ਵਿਚੋਂ ਬਾਹਰ ਨਿਕਲ ਕੇ ਲੜਨ ਲਈ ਮਜਬੂਰ ਨਹੀਂ ਕਰ ਸਕੇ।

ਇਕ ਦਿਨ ਸਤਿਗੁਰਾਂ ਦੀ ਅਗਵਾਈ ਵਿਚ ਕੇਂਦਰੀ ਕਿਲ੍ਹੇ ਅਨੰਦਗੜ੍ਹ ਦੀ ਫੌਜ ਦੇ ਇਕ ਵੱਡੇ ਜੱਥੇ ਨੇ ਸੂਬੇਦਾਰਾਂ ਵੱਲ ਦੀ ਘਣੀ ਫ਼ੌਜ ਵਾਲੇ ਪਾਸੇ ਹਮਲਾ ਕੀਤਾ। ਲੜਾਈ ਮੋਰਚਿਆਂ ਤੋਂ ਬਾਹਰ ਹੋਈ। ਇਸ ਲੜਾਈ ਵਿਚ ਵੀ ਸ਼ਾਹੀ ਫ਼ੌਜ ਦਾ ਸਿੰਘਾਂ ਨਾਲੋਂ ਕਿਤੇ ਵਧ ਨੁਕਸਾਨ ਹੋਇਆ। ਸੂਬੇਦਾਰਾਂ ਵਿਚੋਂ ਕੋਈ ਵੀ ਗੁਰੂ ਸਾਹਿਬਾਂ ਵਾਂਗ ਆਪਣੀ ਫ਼ੌਜ ਦੀ ਅਗਵਾਈ ਲਈ ਨਾ ਨਿਕਲਿਆ।

ਅਖ਼ੀਰ ਸੂਬੇਦਾਰਾਂ ਨੇ ਸਾਰੇ ਪਹਾੜੀ ਰਾਜਿਆਂ ਨਾਲ ਬੈਠ ਕੇ ਜੰਗੀ ਕੌਂਸਲ ਕੀਤੀ। ਫ਼ੈਸਲਾ ਹੋਇਆ ਕਿ ਸ਼ਾਹੀ ਫ਼ੌਜਾਂ ਦਾ ਇਸ ਤਰ੍ਹਾਂ ਘਾਣ ਕਰਵਾਉਣਾ ਠੀਕ


www.AKJ.Org

ਨਹੀਂ। ਸਾਡੀਆਂ ਫ਼ੌਜਾਂ ਬੇਪਨਾਹ ਹਨ। ਅਨੰਦਪੁਰ ਤੇ ਇਸ ਦੇ ਕੇਂਦਰੀ ਕਿਲ੍ਹੇ ਅਨੰਦਗੜ੍ਹ ਦਾ, ਸਮੇਤ ਇਸ ਦੇ ਸਹਾਇਕ ਕਿਲ੍ਹਿਆਂ ਦੇ ਦੂਰੋਂ ਦੂਰੋਂ ਘੇਰਾ ਘੱਤ ਲਿਆ ਜਾਵੇ। ਰਸਦ-ਪਾਣੀ ਕਿਸੇ ਬੰਨਿਓਂ ਅੰਦਰ ਨਾ ਜਾਣ ਦਿਤਾ ਜਾਵੇ। ਫੇਰ ਦੇਖਾਂਗੇ ਗੁਰੂ ਕਿੰਨਾ ਚਿਰ ਆਕੀ ਹੋ ਕੇ ਬੈਠਾ ਰਹਿੰਦਾ ਹੈ।

ਇਸ ਤਰ੍ਹਾਂ ਵਿਚਾਰ ਕਰ ਕੇ ਦੋਹਾਂ ਸੂਬੇਦਾਰਾਂ ਨੇ ਆਪਣਾ ਡੇਰਾ ਪੂਰਬ ਵਲ ਦੂਰ ਹੱਟ ਕੇ ਲਾ ਲਿਆ। ਸਰਹਿੰਦੀ ਫ਼ੌਜ ਪਹਾੜਾਂ ਤੋਂ ਸਤਲੁਜ ਤਕ; ਦਿੱਲੀ ਦੀ ਫ਼ੌਜ ਉਥੋਂ ਅਗਮਪੁਰੇ ਤਕ; ਪੱਛਮ ਵੱਲ ਜਲੰਧਰ, ਜੰਮੂ ਤੇ ਲਾਹੌਰ ਉਪਰਲੇ ਬੰਨਿਓਂ ਪਹਾੜਾਂ ਤਕ; ਤੇ ਉੱਤਰ ਵੱਲ ਬਾਕੀ ਦੇ ਪਹਾੜੀ ਇਲਾਕੇ ਵਿਚ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਇਸ ਤਰ੍ਹਾਂ ਖਿਲਾਰ ਦਿੱਤੀਆਂ ਗਈਆਂ ਕਿ ਵਿਚ ਕੋਈ ਪਾੜਾ ਨਾ ਰਹੇ।

ਫੇਰ ਵੀ ਸਿੰਘਾਂ ਦੇ ਸ਼ਬਖ਼ੂਨਾਂ (ਰਾਤ ਦੇ ਹਮਲਿਆਂ) ਤੋਂ ਡਰਦਿਆਂ, ਦੁਸ਼ਮਣ ਫ਼ੌਜ ਰਾਤੀਂ ਚੈਨ ਨਾਲ ਨਹੀਂ ਸੀ ਸੌਂ ਸਕਦੀ। ਗੁਰੂ-ਖ਼ਾਲਸਾ ਜੀ ਵਾਹਿਗੁਰੂ ਦਾ ਨਾਮ ਜਪਦੇ ਸਨ, ਗੁਰਬਾਣੀ ਪੜ੍ਹਦੇ ਸਨ। ਰਾਗੀ ਆਸਾ ਦੀ ਵਾਰ ਦਾ ਕੀਰਤਨ ਕਰਦੇ ਸਨ ਤੇ ਸੰਗਤਾਂ ਇਕ-ਮਨ ਹੋ ਕੇ ਸੁਣਦੀਆਂ ਸਨ। ਗੁਰੂ ਜੀ ਦੀ ਆਗਿਆ ਅਨੁਸਾਰ ਖ਼ਾਲਸਾ ਫ਼ੌਜਾਂ ਮੋਰਚੇ ਨਹੀਂ ਸਨ ਛੱਡਦੀਆਂ। ਲਾਗੇ ਆਉਂਦਿਆਂ ਵੈਰੀਆਂ ਨੂੰ ਬੰਦੂਕਾਂ ਤੇ ਤੁਪਕਾਂ ਦੀ ਵਾਛੜ ਨਾਲ ਭਜਾ ਛੱਡਦੀਆਂ ਸਨ। ਜਿੱਥੇ ਖ਼ਾਲਸਾ ਤੜਕੇ ਇਸ਼ਨਾਨ ਤੇ ਨਾਮ ਸਿਮਰਨ ਕਰਦਾ ਸੀ, ਉਥੇ ਮੁਸਲਮਾਨ ਤੇ ਪਹਾੜੀ ਫ਼ੌਜਾਂ ਦਿਨ ਚੜ੍ਹੇ ਤਕ ਹੁੱਕਿਆਂ ਨੂੰ ਚੰਬੜੀਆਂ ਰਹਿੰਦੀਆਂ ਸਨ।

ਇਕ ਦਿਨ ਅਨੰਦਗੜ੍ਹ ਦੇ ਪੂਰਬ ਵਲ ਉੱਚੀ ਥਾਂ ਤੇ ਸਤਿਗੁਰਾਂ ਦਾ ਰੱਬੀ ਦਰਬਾਰ ਸਜਿਆ ਹੋਇਆ ਸੀ। ਸਿੰਘ ਕੀਰਤਨ ਸੁਣ ਰਹੇ ਸਨ। ਐਨ ਇਸ ਵੇਲੇ ਇਸ ਥਾਂ ਤੋਂ ਪੈਦਲ ਰਸਤੇ ਦੋ ਕੁ ਕੋਹ ਤੇ ਪੂਰਬ ਵਲ, ਜਿਥੇ ਬਾਇਜ਼ੀਦ ਖ਼ਾਨ ਤੇ ਜ਼ਬਰਦਸਤ ਖ਼ਾਨ ਨੇ ਆਪਣੇ ਡੇਰੇ ਕਾਇਮ ਕੀਤੇ ਹੋਏ ਸਨ, ਕੁਝ ਹਲ-ਚਲ ਹੋਈ। ਤੰਬੂਆਂ ਵਿਚੋਂ ਸੂਬੇਦਾਰ ਤੇ ਕਈ ਪਹਾੜੀ ਰਾਜੇ ਬਾਹਰ ਆ ਰਹੇ ਸਨ। ਉਹ ਚਹਿਲ-ਕਦਮੀ ਕਰਦੇ ਕੁਝ ਹੀ ਅੱਗੇ ਵਧੇ ਸਨ ਕਿ ਜ਼ਬਰਦਸਤ ਖ਼ਾਨ ਨੇ ਅਨੰਦਗੜ੍ਹ ਵੱਲ ਦੇਖਦਿਆਂ ਕਿਹਾ, "ਦੇਖੋ, ਉਸ ਉੱਚੀ ਥਾਂ ਵਲ ਦੇਖੋ। ਬਹੁਤ ਸਾਰੇ ਆਦਮੀ ਇਕੱਠੇ ਹੋਏ ਜਾਪਦੇ ਹਨ।" ਸਾਰਿਆਂ ਨੇ ਦੇਖ ਕੇ ਉਸ ਦੇ ਕਥਨ ਦੀ ਹਾਮੀ ਭਰੀ। ਝਟ ਹੀ ਦੂਰਬੀਨ ਮੰਗਵਾਈ ਗਈ। ਜ਼ਬਰਦਸਤ ਖ਼ਾਨ ਨੇ ਦੂਰਬੀਨ ਵਿਚੋਂ ਦੇਖਦਿਆਂ ਕਿਹਾ, "ਬਈ, ਇਹ ਵਿਚਕਾਰ ਗੱਦੀ ਤੇ ਬੈਠਾ ਕੌਣ ਹੈ ? ਉਸ ਤੇ ਚੌਰ ਝੁਲਾਇਆ ਜਾ ਰਿਹਾ ਹੈ ਅਤੇ ਇਕ ਸੇਵਕ ਨੇ ਸੂਰਜ-ਮੁਖੀ ਪਕੜ ਕੇ ਸੂਰਜ ਦੇ ਰੁਖ਼ ਕੀਤਾ ਹੋਇਆ ਹੈ। ਸਿਰ ਤੇ ਖ਼ੂਬਸੂਰਤ ਪਗੜੀ ਹੈ ਤੇ ਉਪਰ ਕਲਗੀ ਦੇ ਖੰਭ ਝੂਲ ਰਹੇ ਹਨ। ਲਾਗੇ ਰਬਾਬੀ ਕੁਝ ਗਾ ਰਹੇ ਮਲੂਮ ਹੁੰਦੇ ਹਨ। ਸਾਹਮਣੇ ਸ਼ਾਹੀ ਠਾਠ ਦਾ ਦਰਬਾਰ ਲੱਗਾ ਜਾਪਦਾ ਹੈ, ਪਰ ਧਿਆਨ ਸਾਰਿਆਂ ਦੇ ਇਕੋ ਪਾਸੇ ਜੁੜੇ ਹੋਏ ਹਨ। ਕੀ ਇਹ ਗੁਰੂ ਦਾ ਕੋਈ ਸਿਪਹਸਲਾਰ ਹੈ ? ਗੁਰੂ ਦਾ ਪੁੱਤਰ ਹੈ ? ਜਾਂ ਗੁਰੂ ਆਪ ਹੀ ਹੈ ?

ਤਦ ਰਾਜਾ ਅਜਮੇਰ ਚੰਦ ਕਹਿਲੂਰੀਏ ਨੇ ਜ਼ਬਰਦਸਤ ਖ਼ਾਨ ਤੋਂ ਦੂਰਬੀਨ ਲੈ ਕੇ ਦੇਖਿਆ ਤੇ ਦੱਸਿਆ, "ਇਹੋ ਹੀ ਹੈ ਗੋਬਿੰਦ ਸਿੰਘ, ਸਾਰੀ ਕਲਹ ਦਾ ਮੂਲ। ਇਸ ਨੇ ਬਹੁਤ ਜੰਗ ਕੀਤੇ ਹਨ ਤੇ ਹਾਲੀ ਤਕ ਕਿਸੇ ਕੋਲੋਂ ਨਹੀਂ ਹਾਰਿਆ। ਰਾਜਾ ਹਰੀ ਚੰਦ, ਕੇਸਰੀ ਚੰਦ, ਪੈਂਧੇ ਖ਼ਾਨ, ਰਮਜ਼ਾਨ ਖ਼ਾਨ, ਜਮਤੁਲਾ ਭਾਊ ਆਦਿ ਜੋਧਿਆਂ ਨੂੰ ਇਸੇ ਨੇ ਮਾਰਿਆ ਤੇ ਮਰਵਾਇਆ ਹੈ। ਅਸੀਂ ਤਾਂ ਇਸ ਤੋਂ ਹਾਰ ਲੱਥੇ ਹਾਂ। ਹੁਣ ਤਾਂ ਅਸਾਂ ਸ਼ਹਿਨਸ਼ਾਹ ਅਤੇ ਆਪ ਤੇ ਸਭ ਕੁਝ ਛੱਡ ਦਿਤਾ ਹੈ। ਜੋ ਤੁਸੀਂ ਕਰਨਾ ਹੈ ਕਰੋ। ਅਸੀਂ ਤਾਂ ਤੁਹਾਡੇ ਗ਼ੁਲਾਮ ਹਾਂ। ਦੇਖੋ ! ਇਸ ਨੂੰ ਕਿਸੇ ਦਾ ਡਰ-ਭੌ ਨਹੀਂ ! ਬਿਨਾਂ ਓਟ ਦੇ ਕਿਸ ਤਰ੍ਹਾਂ ਬੇ-ਫ਼ਿਕਰ ਬੈਠਾ ਹੈ !!"

ਬਾਇਜ਼ੀਦ ਖ਼ਾਨ ਨੇ ਉਸ ਤੋਂ ਦੂਰਬੀਨ ਲੈ ਕੇ ਦੇਖਦਿਆਂ ਕਿਹਾ, "ਮਲੂਮ ਹੁੰਦਾ ਹੈ ਕਿ ਸਾਰੇ ਇਬਾਦਤ ਵਿਚ ਬੈਠੇ ਹਨ। ਦੇਖੋ, ਕੈਸੀ ਹੈਰਾਨੀ ਦੀ ਬਾਤ ਹੈ ਕਿ ਡਾਕੂ ਵੀ ਇਬਾਦਤ ਦਾ ਢੌਂਗ ਰਚਦੇ ਹਨ !"

ਇਹ ਸੁਣ ਕੇ ਜ਼ਬਰਦਸਤ ਖ਼ਾਨ ਨੂੰ ਜ਼ਬਰਦਸਤ ਗੁੱਸਾ ਚੜ੍ਹ ਗਿਆ। ਉਸ ਨੇ ਹੰਕਾਰ ਵਿਚ ਆ ਕੇ ਕਿਹਾ, "ਬਾਇਜ਼ੀਦ, ਅਜ ਏਥੇ ਹੀ ਜੰਗ ਜਿੱਤ ਲਈਏ। ਛੋਟੀਆਂ ਵੱਡੀਆਂ ਤੋਪਾਂ ਲਾਗੋਂ ਸ਼ਾਗੋਂ ਸਭ ਇਥੇ ਮੰਗਵਾ


www.AKJ.Org

ਲਵੇਂ। ਮੈਂ ਆਪ ਨਿਸ਼ਾਨੇ ਬੰਨ੍ਹ ਕੇ ਇਥੋਂ ਚਲਵਾਵਾਂਗਾ ਅਤੇ ਸਾਰੀ ਖੇਲ ਖ਼ਤਮ ਹੋ ਜਾਵੇਗੀ।"

ਪਹਾੜੀ ਰਾਜੇ ਇਸ ਤਜਵੀਜ਼ ਤੇ ਬੜੇ ਖ਼ੁਸ਼ ਹੋਏ। ਸਾਰੇ ਜਾਣਦੇ ਸਨ ਕਿ ਪਹਿਲੀਆਂ ਵਿਚ ਜ਼ਬਰਦਸਤ ਖ਼ਾਨ ਮੰਨਿਆ ਹੋਇਆ ਤੋਪਚੀ ਰਹਿ ਚੁੱਕਾ ਸੀ।

ਥੋੜੀ ਦੇਰ ਵਿਚ ਹੀ ਬੈਲਾਂ, ਘੋੜਿਆਂ ਤੇ ਫ਼ੌਜੀਆਂ ਨੇ ਖਿੱਚ ਤੇ ਧੱਕ ਕੇ ਤੋਪਾਂ ਉਥੇ ਲੈ ਆਂਦੀਆਂ। ਸਾਰੀਆਂ ਨੂੰ ਕਤਾਰ ਵਿਚ ਖੜਾ ਕੀਤਾ ਗਿਆ। ਸੂਬੇਦਾਰ ਨੇ ਆਪ ਪੇਚ ਘੁੰਮਾ ਘੁੰਮਾ ਕੇ ਉਨ੍ਹਾਂ ਦੇ ਮੂੰਹ ਲੋੜ ਅਨੁਸਾਰ ਉੱਚੇ ਨੀਵੇਂ ਕੀਤੇ। ਬਾਰੂਦ ਦੀਆਂ ਥੈਲੀਆਂ ਠੋਕ ਕੇ ਤੇ ਗੋਲੇ ਭਰ ਕੇ ਤੋੜੇ ਤਿਆਰ ਕਰ ਦਿਤੇ ਗਏ। ਸਾਰੀਆਂ ਤੋਪਾਂ ਇਸ਼ਾਰੇ ਤੇ ਇਕੱਠੀਆਂ ਦਾਗੀਆਂ ਗਈਆਂ। ਸੈਂਕੜੇ ਬਿੱਜਾਂ ਦੇ ਇਕੱਠੇ ਕੜਕਣ ਵਰਗੀ ਅਵਾਜ਼ ਹੋਈ। ਤੋਪਾਂ ਦੇ ਮੂੰਹ ਵਿਚੋਂ ਦੋਜ਼ਖ਼ ਦੀ ਭਾਹ ਭੜਕੀ। ਪਹਾੜਾਂ ਨੇ ਉਸ ਕੜਾਕੇ ਤੇ ਗੜਗੜਾਹਟ ਨੂੰ ਕਈ ਵਾਰੀ ਉਸੇ ਜ਼ੋਰ ਨਾਲ ਪਰਤਾਇਆ। ਧੂਏਂ ਨੇ ਤੋਪਾਂ ਦੇ ਬੇੜੇ ਨੂੰ ਢੱਕ ਦਿਤਾ। ਧੂੰਆਂ ਸਾਫ਼ ਹੋਣ ਤੇ ਦੂਰਬੀਨ ਨਾਲ ਜ਼ਬਰਦਸਤ ਖ਼ਾਨ ਨੇ ਦੇਖਿਆ, ਗੁਰੂ ਸਮੇਤ ਸਾਰੀ ਸੰਗਤ ਸਿਰ ਝੁਕਾਈ ਖੜੀ ਸੀ। ਕਿਸੇ ਨੂੰ ਕੋਈ ਨੁਕਸਾਨ ਹੋਇਆ ਨਹੀਂ ਸੀ ਜਾਪਦਾ। ਹਾਂ ਉਸ ਥਾਂ ਤੋਂ ਪਿਛਲੀ ਉੱਚੀ ਚੋਟੀ ਤੇ ਕਈ ਥਾਓਂ ਧੂੜ ਦੇ ਬਦਲ ਉਠ ਰਹੇ ਸਨ। ਸਾਰੇ ਗੋਲੇ ਨਿਸ਼ਾਨੇ ਤੋਂ ਖੁੰਝ ਕੇ ਉਪਰਲੀ ਚੋਟੀ ਤੇ ਜਾ ਲੱਗੇ ਸਨ।

ਜ਼ਬਰਦਸਤ ਖ਼ਾਨ ਨੇ ਇਸ ਸ਼ਿਸਤ ਦੀ ਉਕਾਈ ਨੂੰ ਆਪਣੀ ਹੇਠੀ ਸਮਝਿਆ। ਉਸ ਨੇ ਫਿਰ ਤੋਪਾਂ ਨੂੰ ਸੋਧਿਆ ਤੇ ਸੋਧਿਆ। ਤੋਪਾਂ ਦੇ ਮੂੰਹ ਅੱਗੇ ਤੋਂ ਨੀਵੇਂ ਹੋ ਗਏ। ਫੇਰ ਬਰੂਦ ਭਰਿਆ ਤੇ ਠੋਕਿਆ ਗਿਆ। ਗੋਲੇ ਭਰੇ ਗਏ ਤੇ ਪਲੀਤੇ ਦਾਗੇ ਗਏ, ਤੇ ਫੇਰ ਅੱਗੇ ਵਾਂਗ ਗੜਗੜਾਹਟ ਹੋਈ। ਲਾਗ ਸ਼ਾਗ ਦੀ ਧਰਤ ਕੰਬ ਉੱਠੀ। ਧੂੰਆਂ ਫੇਰ ਕਿੰਨਾ ਚਿਰ ਜ਼ਬਰਦਸਤ ਖ਼ਾਨ ਤੇ ਉਸ ਦਿਆਂ ਸਾਥੀਆਂ ਦੀਆਂ ਅੱਖਾਂ ਅੱਗੇ ਛਾਇਆ ਰਿਹਾ। ਧੂੰਆਂ ਘਟਣ ਤੇ ਜ਼ਬਰਦਸਤ ਖ਼ਾਨ ਨੇ ਫੇਰ ਦੂਰਬੀਨ ਲਾਈ। ਸਾਰੀਆਂ ਸੰਗਤਾਂ, ਸਮੇਤ ਸਤਿਗੁਰਾਂ ਦੇ, ਧਰਤੀ ਤੇ ਸਿਰ ਰੱਖ ਕੇ ਝੁਕੀਆਂ ਹੋਈਆਂ ਸਨ। ਇਕ ਪਲ ਲਈ ਝੂਠੀ ਸਵੇਰ ਵਾਂਗ ਉਸ ਨੂੰ ਆਪਣੇ ਨਿਸ਼ਾਨੇ ਤੇ ਭਰੋਸਾ ਬੱਝਣ ਲਗਾ। ਪਰ ਝੱਟ ਹੀ ਉਹ ਸਾਰੇ ਹਥ ਜੋੜਦੇ ਉਠ ਖਲੋਤੇ ਤੇ ਕੁਝ ਚਿਰ ਮਗਰੋਂ 'ਸਤਿ ਸ੍ਰੀ ਅਕਾਲ' ਦਾ ਨਾਹਰਾ ਜਿਵੇਂ ਤੋਪਾਂ ਦੀ ਗਰਜ ਨੂੰ, ਸ਼ਰਮਾਉਣ ਅਤੇ ਜ਼ਬਰਦਸਤ ਦੇ ਨਿਸ਼ਾਨਿਆਂ ਨੂੰ ਝੁਠਿਆਉਣ ਲਈ ਅਸਮਾਨਾਂ ਵਿਚ ਗੂੰਜ ਉੱਠਿਆ। ਪਰਸ਼ਾਦ ਲੈ ਲੈ ਕੇ ਸਿੰਘ ਆਪੋ ਆਪਣੇ ਮੋਰਚੇ ਤੇ ਜ਼ਿੰਮੇਵਾਰੀਆਂ ਸੰਭਾਲਣ ਲੱਗੇ। ਅਨੰਦਗੜ੍ਹ ਦੇ ਸਹਾਇਕ ਗੜ੍ਹਾਂ ਅਤੇ ਮੋਰਚਿਆਂ ਵਿਚੋਂ ਵੀ ਜੈਕਾਰੇ ਗੂੰਜਣ ਲੱਗੇ।

ਜ਼ਬਰਦਸਤ ਖ਼ਾਨ ਦੀ ਖੇਲ ਖ਼ਤਮ ਕਰਨ ਵਾਲੀ ਖੇਲ ਬੱਚਿਆਂ ਦੀ ਖੇਲ ਬਣ ਕੇ ਰਹਿ ਗਈ।

ਬਾਇਜ਼ੀਦ ਖ਼ਾਨ ਤੇ ਪਹਾੜੀ ਰਾਜੇ ਜ਼ਬਰਦਸਤ ਖ਼ਾਨ ਦੀ ਮਾਨੋ ਪਰਚਾਉਣੀ ਕਰਨ ਲੱਗ ਪਏ। "ਦੇਖੋ ਜੀ, ਸਾਹਮਣੇ ਟਿੱਲਾ ਕੁਢੱਬਾ ਸੀ। ਉਸ ਦੀ ਆੜ ਕਰਕੇ ਨਿਸ਼ਾਨਾ ਠੀਕ ਨਹੀਂ ਬੈਠਿਆ।" "ਨਰਮ ਧਰਤੀ ਵਿਚ ਪਹੀਏ ਧਸ ਜਾਣ ਕਾਰਨ ਸ਼ਿਸਤਾਂ ਠੀਕ ਨਹੀਂ ਰਹੀਆਂ।" "ਤੇ ਸ਼ਿਸਤ ਦਾ ਵਾਲ ਜਿੰਨਾ ਫ਼ਰਕ ਪੈਣ ਨਾਲ ਨਿਸ਼ਾਨੇ ਤੇ ਗੋਲੇ ਦਾ ਸੈਂਕੜਿਆਂ ਗਜਾਂ ਦਾ ਫ਼ਰਕ ਪੈ ਜਾਂਦਾ ਹੈ।"

ਜ਼ਬਰਦਸਤ ਖ਼ਾਨ ਬੋਲਿਆ, "ਖ਼ਬਰੇ ਗੁਰੂ ਨੇ ਅਜ਼ਮਤ ਨਾਲ ਸਾਡੇ ਹਥਿਆਰ ਹੀ ਨਹੀਂ ਬੰਨ੍ਹ ਦਿੱਤੇ, ਜੋ ਮਾਰ ਹੀ ਨਹੀਂ ਕਰਦੇ!"

ਗੱਲ ਬਾਤ ਦਾ ਰੁਖ਼ ਪਲਟਣ ਤੇ ਅਜਮੇਰ ਚੰਦ ਕਹਿਲੂਰੀਏ ਨੇ ਕਿਹਾ, "ਅੱਗੇ ਵੀ ਇਕ ਵਾਰੀ ਇਹੋ ਜਹੀ ਗੱਲ ਹੋਈ ਸੀ। ਗੁਰੂ ਨਿਰਮੋਹਗੜ੍ਹ ਲਾਗੇ ਖੁਲ੍ਹੇ ਉੱਚੇ ਥਾਂ ਦੀਵਾਨ ਲਾਈ ਬੈਠਾ ਸੀ। ਅਸੀਂ ਇਕ ਮੁਗਲ ਤੋਪਚੀ ਨੂੰ ਉਨ੍ਹਾਂ ਤੇ ਨਿਸ਼ਾਨਾ ਸਾਧਣ ਲਈ ਮਨਾਇਆ। ਲਾਗਲੀ ਚੋਟੀ ਤੇ, ਜੋ ਉਸ ਤੋਂ ਡੇਢ ਕੁ ਕੋਹ ਸੀ, ਅਸੀਂ ਤੋਪ ਚੜ੍ਹਵਾ ਦਿਤੀ। ਤੋਪਚੀ ਦੇ ਨਾਲ ਤੋਪਚੀ ਦਾ ਭਰਾ ਵੀ ਸੀ। ਤੋਪਚੀ ਨੇ ਐਸਾ ਸੰਨ੍ਹ ਕੇ ਗੋਲਾ ਦਾਗਿਆ ਕਿ ਗੁਰੂ ਦੇ ਕੋਲ ਖੜੇ ਚੋਬਦਾਰ ਨੂੰ ਲੱਗਾ ਤੇ ਉਹ ਮਰ ਗਿਆ। ਤੁਹਾਡੇ ਨਿਸ਼ਾਨੇ ਦੇ ਅੱਗੇ ਠੀਕ ਹੀ ਕੁਢੱਬਾ ਟਿੱਲਾ ਸੀ, ਨਹੀਂ ਤੇ ਤੋਪਾਂ ਦੇ ਨਿਸ਼ਾਨੇ ਕਦੇ ਨਾ ਚੁੱਕਦੇ। ਜੇ ਉਸ ਤੋਪਚੀ ਦਾ ਗੋਲਾ ਮਾਰ ਸਕਦਾ ਸੀ ਤਾਂ ਤੁਹਾਡੇ ਗੋਲੇ ਕਿਉਂ ਨਹੀਂ ਸਨ ਮਾਰ ਸਕਦੇ?



www.AKJ.Org

ਹਾਂ, ਗੁਰੂ ਨੇ ਉਸੇ ਵੇਲੇ ਕਮਾਨ ਸੰਭਾਲ ਕੇ ਐਸਾ ਤੀਰ ਮਾਰਿਆ ਸੀ ਕਿ ਤੋਪਚੀ ਥਾਂ ਹੀ ਢਿਹ ਸੀ ਅਤੇ ਗੁਰੂ ਦੇ ਦੂਸਰੇ ਤੀਰ ਨਾਲ ਉਸ ਦਾ ਭਰਾ ਵੀ ਭੱਜਦਾ ਹੋਇਆ ਮਾਰਿਆ ਗਿਆ ਸੀ।"

ਜ਼ਬਰਦਸਤ ਖ਼ਾਨ ਨੇ ਕਿਹਾ, "ਡੇੜ ਕੋਹ ਤੋਂ ਤੀਰ ਦਾ ਨਿਸ਼ਾਨਾ ਨਾਮੁਮਕਿਨ ! ਕਦੇ ਨਹੀਂ ਹੋ ਸਕਦਾ।"

"ਨਹੀਂ, ਹਜ਼ਰਤ, ਇਹ ਗੱਲ ਸੱਚੀ ਹੈ । ਸਾਡੀ ਅੱਖੀਂ ਡਿੱਠੀ ਹੈ।"

"ਤਾਂ ਗੁਰੂ ਜ਼ਰੂਰ ਅਜ਼ਮਤ ਵਾਲਾ ਹੈ, ਕਰਾਮਾਤੀ ਹੈ।"

(੨)

ਅਨੰਦਪੁਰ ਦਾ ਜੰਗ ਲੰਮਾ ਘੇਰਾ ਬਣ ਗਿਆ ਸੀ। ਸੂਬੇਦਾਰਾਂ ਨੇ ਲਾਗੇ ਚਾਗੇ ਸਾਰੇ ਇਲਾਕੇ ਵਿਚ ਡੌਂਡੀ ਪਿਟਵਾ ਦਿਤੀ ਸੀ ਕਿ ਜਿਹੜਾ ਵਪਾਰੀ ਅਨੰਦਪੁਰ ਮਾਲ ਲਿਜਾਣ ਦੀ ਕੋਸ਼ਿਸ਼ ਕਰੇਗਾ ਉਸ ਦਾ ਮਾਲ ਲੁੱਟ ਲਿਆ ਜਾਵੇਗਾ। ਇਧਰ ਉਧਰ ਦਾਅ ਲਾ ਕੇ ਖ਼ਾਲਸਾ ਅਚਾਨਕ ਹਮਲਾ ਕਰ ਦਿੰਦਾ ਸੀ ਤੇ ਕੁਝ ਚਿਰ ਦੀ ਲੜਾਈ ਵਿਚ ਰਸਦ ਲੁੱਟ ਕੇ ਜਾਂ ਨੁਕਸਾਨ ਕਰ ਕੇ ਪਿੱਛੇ ਮੁੜ ਆਉਂਦਾ ਸੀ। ਇਹ ਦੇਖ ਕੇ ਸੂਬੇਦਾਰਾਂ ਤੇ ਰਾਜਿਆਂ ਨੇ ਆਪਣੇ ਮੋਰਚੇ ਹੋਰ ਪਿੱਛੇ ਕਰ ਕੇ ਘੇਰਾ ਹੋਰ ਚੋੜਾ ਕਰ ਦਿਤਾ ਸੀ । ਬਹੁਤਾ ਚਿਰ ਆਪੋ ਆਪਣਿਆਂ ਮੋਰਚਿਆਂ ਵਿਚ ਦੋਵੇਂ ਫ਼ੌਜਾਂ ਖ਼ਬਰਦਾਰ ਬੈਠੀਆਂ ਰਹਿੰਦੀਆਂ ਸਨ। ਕਦੇ ਕਦੇ ਦੁਵੱਲੀ ਬੰਦੂਕਾਂ ਜਾਂ ਤੋਪਾਂ ਚੱਲ ਪੈਂਦੀਆਂ ਸਨ। ਕਦੇ ਜਦੋਂ ਦੁਸ਼ਮਨ ਨੇੜੇ ਆਉਣ ਦਾ ਜਤਨ ਕਰਦਾ ਸੀ, ਖ਼ਾਲਸੇ ਦੀਆਂ ਛੋਟੀਆਂ ਤੋਪਾਂ ਵਾੜ ਝੜਦੀਆਂ ਸਨ ਤੇ ਦੁਸ਼ਮਨ ਨੂੰ ਹੌਲਾ ਕਰ ਕੇ ਘੋੜ-ਚੜ੍ਹੇ ਖ਼ਾਲਸਾ ਦਸਤੇ, ਬਾਜ਼ਾਂ ਵਾਂਗ ਝਪਟ ਪੈਂਦੇ ਸਨ।

ਇਕ ਦਿਨ ਚੌਥੇ ਪਹਿਰ ਇਕ ਵਡੇ ਸਿੰਬਲ ਦੇ ਦਰੱਖ਼ਤ ਹੇਠਾਂ ਇਕ ਜਮਘਟਾ ਲੱਗਾ ਹੋਇਆ ਸੀ । ਜ਼ਬਰਦਸਤ ਖ਼ਾਨ ਤੇ ਬਾਇਜ਼ੀਦ ਖ਼ਾਨ ਬੈਠੇ ਚੌਪੜ ਖੇਡ ਰਹੇ ਸਨ। ਲਾਗੇ ਬੈਠੇ ਅਜਮੇਰ ਚੰਦ, ਭੂਪ ਚੰਦ ਵਰਗੇ ਪਹਾੜੀ ਰਾਜੇ ਬੜੇ ਖ਼ੁਸ਼ ਖ਼ੁਸ਼ ਉਨ੍ਹਾਂ ਦੀਆਂ ਖ਼ੁਸ਼ਾਮਦਾਂ ਕਰਦੇ ਸਨ ਤੇ ਉਨ੍ਹਾਂ ਦੀ ਹਉਮੈ ਨੂੰ ਪੱਠੇ ਪਾਉਂਦੇ ਸਨ। ਜ਼ਬਰਦਸਤ ਖ਼ਾਨ ਦੀਆਂ ਗੋਟੀਆਂ ਬਹੁਤ ਕੁੱਟੀਆਂ ਗਈਆਂ ਸਨ ਅਤੇ ਉਨ੍ਹਾਂ ਨੂੰ ਜਿਵਾਉਣ ਲਈ ਕਈ ਵਾਰਾਂ ਤੋਂ ਯੋਗ ਪਾਸਾ ਨਹੀਂ ਸੀ ਢਲ ਰਿਹਾ। ਪਾਸਿਆਂ ਨੂੰ ਹੱਥ ਦੀ ਰਗੜ ਨਾਲ ਗਰਮ ਕਰ ਕੇ ਇਕ ਖ਼ਾਸ ਅੰਦਾਜ਼ ਤੇ ਝਟਕੇ ਨਾਲ ਸੁੱਟਦਿਆਂ ਜ਼ਬਰਦਸਤ ਖ਼ਾਨ ਨੇ ਕਿਹਾ, "ਰੱਬ ਬਚਾਵੇ !"

ਅਚਾਨਕ ਇਕ ਸ਼ੂਕਰ ਰਲਵੀਂ ਘੂਕਰ ਸੁਣਾਈ ਦਿੱਤੀ ਅਤੇ ਇਕ ਵੱਡੇ ਖਟਾਕੇ ਨਾਲ ਇਕ ਚੌੜੀ ਮੁਖੀ ਦਾ ਤੀਰ ਸੂਬੇਦਾਰ ਦੇ ਪਲੰਘ ਦੇ ਪਾਵੇ ਵਿਚ ਆ ਧਸਿਆ ਤੇ ਪਾਵੇ ਦੇ ਕੜਾਕੇ ਨਿਕਲ ਗਏ। ਤੀਰ ਫ਼ਾਨੇ ਵਾਂਗ ਆ ਧਸਿਆ ਸੀ ਤੇ ਪਾਵਾ ਕੜਾਕਿਆਂ ਨਾਲ ਪਾਟ ਰਿਹਾ ਸੀ । ਅਜਮੇਰ ਚੰਦ ਦਾ ਰੰਗ ਉਡ ਗਿਆ ਤੇ ਸੂਬੇਦਾਰ ਵੀ ਘਬਰਾ ਗਏ।

"ਇਹ ਤੀਰ ਗੁਰੂ ਦਾ ਹੈ ! ਦੇਖੋ ! ਨਾਲ ਸੋਨਾ ਲੱਗਾ ਹੋਇਆ ਹੈ ! ਇਹ ਗੁਰੂ ਦੇ ਤੀਰਾਂ ਦੀ ਨਿਸ਼ਾਨੀ ਹੈ, "ਅਜਮੇਰ ਚੰਦ ਨੇ ਕਿਹਾ।

"ਮੈਂ ਤੇ ਲਾਗੇ ਹੀ ਬੈਠਾ ਸਾਂ। ਮੈਨੂੰ ਤੇ ਮੌਲਾ ਨੇ ਹੀ ਬਚਾਇਆ ਹੈ," ਜ਼ਬਰਦਸਤ ਖ਼ਾਨ ਨੇ ਕਿਹਾ।

ਹੈਰਾਨ ਪਰੇਸ਼ਾਨ ਬਾਇਜ਼ੀਦ ਖ਼ਾਨ ਨੇ ਕਿਹਾ, "ਤੁਹਾਡੇ ਖ਼ਿਆਲ ਵਿਚ ਇਥੋਂ ਅਨੰਦਗੜ੍ਹ ਕਿੰਨਾ ਹੋਵੇਗਾ ?"

ਭੂਪ ਚੰਦ ਨੇ ਉੱਤਰ ਦਿੱਤਾ, "ਹਜ਼ੂਰ, ਰਾਹੇ ਰਾਹ ਤੇ ਢਾਈ ਕੋਹ ਦੇ ਕਰੀਬ ਹੋਵੇਗਾ ਪਰ ਕਾਗ-ਉਡਾਰੀ ਵੀ ਡੇੜ ਸਵਾ ਕੋਹ ਤੋਂ ਘੱਟ ਨਹੀਂ ਹੋਣ ਲੱਗਾ।"

"ਜ਼ਰੂਰ ਗੁਰੂ ਅਜ਼ਮਤ ਵਾਲਾ ਹੈ, ਕਰਾਮਾਤੀ ਹੈ। ਬੰਦੇ ਦਾ ਕੰਮ ਨਹੀਂ ਐਡੀ ਦੂਰ ਤੀਰ ਸੁੱਟਣਾ।"

ਰਾਜੇ ਤੇ ਅਮੀਰ-ਵਜ਼ੀਰ ਚੁੱਪ ਸਾਧੀ ਬੈਠੇ ਰਹੇ।

ਜ਼ਬਰਦਸਤ ਖ਼ਾਨ ਨੇ ਜ਼ੋਰ ਲਾ ਕੇ ਤੀਰ ਪੁੱਟਦਿਆਂ ਕਿਹਾ, "ਤਲੀ ਜਿੱਡਾ ਚੋੜਾ ਫਲ ਹੈ ! ਪਰ ਇਹ ਸੋਨਾ ਕਿਉਂ ਇਸ ਨੂੰ ਲੱਗਾ ਹੋਇਆ ਹੈ ?"

"ਹਜ਼ਰਤ, ਜਿਸ ਤਰ੍ਹਾਂ ਆਪ ਨੇ ਤੀਜੇ ਦਿਨ ਦੇ ਹਮਲੇ ਵਿਚ ਦੇਖਿਆ ਹੋਵੇਗਾ, ਗੁਰੂ ਦਾ ਤੀਰ ਕੋਈ ਖ਼ਾਲੀ ਨਹੀਂ ਜਾਂਦਾ। ਉਹ ਜ਼ਖ਼ਮੀ ਨੂੰ ਮਲ੍ਹਮ-ਪੱਟੀ ਦਾ ਖ਼ਰਚ ਤੇ ਬਹਿਸ਼ਤ-ਰਸੀਦ ਨੂੰ ਗੋਰ-ਕਫ਼ਨ ਦਾ ਖ਼ਰਚ ਨਾਲ ਭੇਜਦੇ ਹਨ", ਇਕ ਪਰਭਾਵਤ ਅਮੀਰ ਨੇ ਕਿਹਾ।


www.AKJ.Org

"ਤਾ ਤੇ ਸੱਚ-ਮੁੱਚ ਮੈਨੂੰ ਮੌਲਾ ਨੇ ਹੀ ਹੱਥ ਦੇ ਕੇ ਰੱਖਿਆ ਹੈ!" ਤੇ ਇਹ ਕਹਿ ਕੇ ਜ਼ਬਰਦਸਤ ਖ਼ਾਨ ਸਜਦੇ ਵਿਚ ਝੁਕ ਗਿਆ।

ਕੁਝ ਚਿਰ ਮਗਰੋਂ ਫੇਰ ਇਕ ਘੂਕਰ ਪਈ। ਇਕ ਹੋਰ ਪਹਿਲੇ ਜਿਹਾ ਤੀਰ ਜਮਘਟੇ ਤੋਂ ਕੁਝ ਹਟਵੇਂ ਵੱਡੇ ਸਿੰਬਲ ਦੇ ਇਕ ਟਾਹਣ ਵਿਚ ਗੱਡਿਆ ਗਿਆ। ਸਾਰੇ ਘਬਰਾ ਗਏ। ਬਾਇਜ਼ੀਦ ਖ਼ਾਨ ਨੇ ਹੁਕਮ ਦਿਤਾ ਕਿ ਇਹ ਤੀਰ ਪੁਟ ਕੇ ਲਿਆਂਦਾ ਜਾਵੇ। ਕੋਈ ਵੀ ਆਪਣੀ ਮਰਜ਼ੀ ਨਾਲ ਤੀਰ ਪੁੱਟਣ ਲਈ ਦਰੱਖ਼ਤ ਤੇ ਚੜ੍ਹਨ ਲਈ ਤਿਆਰ ਨਹੀਂ ਸੀ। ਫੇਰ ਇਕ ਖ਼ਾਸ ਆਦਮੀ ਵੱਲ ਇਸ਼ਾਰਾ ਕਰ ਕੇ ਹੁਕਮ ਕੀਤਾ ਗਿਆ। ਉਹ ਜਿਵੇਂ ਕਿਵੇਂ ਉੱਤੇ ਚੜ੍ਹ ਕੇ ਤੀਰ ਪੁੱਟ ਹੀ ਲਿਆਇਆ।

"ਬਾਇਜ਼ੀਦ!" ਜ਼ਬਰਦਸਤ ਨੇ ਕਿਹਾ, "ਇਸ ਤੀਰ ਨਾਲ ਕਾਗਜ਼ ਦਾ ਪੁਰਜ਼ਾ ਜਿਹਾ ਲਿਪਟਿਆ ਜਾਪਦਾ ਹੈ।"

"ਹਾਂ, ਖ਼ਾਨ ਸਾਹਿਬ, ਦੁਆਲੇ ਧਾਗਾ ਵਲ੍ਹੇਟਿਆ ਜਾਪਦਾ ਹੈ।"

"ਇਸ ਨੂੰ ਖੋਲ੍ਹੋ!"

ਇਕ ਅਮੀਰ ਨੇ ਪੁਰਜ਼ਾ ਖੋਲ੍ਹਿਆ। ਸਤਿਗੁਰਾਂ ਦੇ ਹਸਤ-ਲਿਖਤ ਫ਼ਾਰਸੀ ਦੇ ਸ਼ਬਦ ਸਨ, ਜਿਨ੍ਹਾਂ ਦਾ ਭਾਵ ਸੀ:

"ਮੇਰਾ ਤੀਰ ਖ਼ੁਦਾ ਦੇ ਸਜਦੇ ਵਿਚ ਗਏ ਗੁਨਾਹਗਾਰ ਤੇ ਵੀ ਨਹੀਂ ਚੱਲਦਾ। ਸਾਡੇ ਨਜ਼ਦੀਕ ਕਰਾਮਾਤ ਨਾਮ ਕਹਿਰ ਦਾ ਹੈ। ਇਸ਼ਮੇ-ਆਜ਼ਮ, ਵਾਹਿਗੁਰੂ ਦੇ ਨਾਮ ਤੋਂ ਬਿਨਾਂ ਹੋਰ ਕੋਈ ਕਰਾਮਾਤ ਸਾਡੇ ਪਾਸ ਨਹੀਂ। ਤੀਰ-ਅੰਦਾਜ਼ੀ ਕਰਤਬ ਹੈ, ਕਰਾਮਾਤ ਨਹੀਂ। ਕੇਵਲ ਤੁਹਾਡੇ ਸਾਡੇ ਨਿਸ਼ਾਨਿਆਂ ਦਾ ਫ਼ਰਕ ਹੈ।"

ਪੜ੍ਹ ਕੇ ਜ਼ਬਰਦਸਤ ਖ਼ਾਨ ਨੇ ਕਿਹਾ, "ਇਹ ਅਜ਼ਮਤ ਨਹੀਂ ਤਾਂ ਹੋਰ ਕੀ ਹੈ? ਪਰ ਤੁਸੀਂ ਆਪਣੇ ਡੇਰੇ ਨੂੰ ਇਕ ਕੋਹ ਹੋਰ ਪਿਛੇ ਹਟਾ ਲਵੋ।"

---

# ਗਿਆਨ-ਧਿਆਨ

[ਵਲੋਂ—ਸ: ਹਰਬੰਸ ਸਿੰਘ ਜੀ, ਕਾਨਪੁਰ]

ਵਸਦਾ ਪਰ ਬਿਲਕੁਲ ਸੁੰਨਸਾਨ, ਫਿਰ ਇਸ ਵਿਚ ਜੀਵਨ ਘਮਸਾਨ।
ਲੋੜੇਂ ਜੇਕਰ ਅਪਨੀ ਸ਼ਾਨ, ਥੋੜਾ ਗਿਆਨ ਤੇ ਬਾਹਲਾ ਧਿਆਨ।
ਧਿਆਨ ਦਾ ਪੱਲਾ ਫੜ ਰਖ ਪੱਕਾ, ਏਹੋ ਕਾਸ਼ੀ ਏਹੋ ਮੱਕਾ।
ਪਰਬਤ ਭਾਵੇਂ ਖੰਭ ਲਾ ਉੱਡੇ, ਸਾਗਰ ਭਾਵੇਂ ਪੀ ਜਾਇ ਸੱਕਾ[1]।
ਪਰ ਲਿਵ-ਡੋਰੀ ਫੜ ਲਈਂ ਪੱਕੀ, ਖਸ[2] ਮਤ[3] ਲੇ ਜਾਇ ਚੋਰ ਉਚੱਕਾ।
ਹੋ ਗਈ ਜੇਕਰ ਤਿਲ੍ਹਕਣ-ਬਾਜ਼ੀ, ਮੂੰਹ ਅੱਡ ਖੜਸੇਂ ਹੱਕਾ ਬੱਕਾ।
ਐਸ਼-ਬਹਾਰਾਂ ਜੇ ਪਾਣ ਵਿਗਾੜਾਂ, ਮਨ ਦੀ ਤਕੜੀ ਲਗ ਜਾਇ ਡੋਲਣ।
ਛਾਬੇ ਦੂਜੇ ਵਿਚ ਹਥ ਪਾ ਕੇ, ਕਰ ਦਈਂ ਇਸਦਾ ਪੂਰਾ ਤੋਲਣ।
ਚਿੰਤਾ ਬਾਹਲੀ ਜੇ ਆ ਪਕੜੇ, ਨਾਲ ਅਚਿੰਤਾ ਸਾੜ ਤੂੰ ਦੇਵੀਂ।
ਆਸਾ ਦੇ ਵਿਚ ਰਹੀਂ ਨਿਰਾਸਾ, ਜੀਵਨ ਇੰਜ ਗੁਜ਼ਾਰ ਤੂੰ ਦੇਵੀਂ।
ਸੋਚੂ ਪਾੜੂ ਅਕਲਈਆ ਬਣ ਕੇ, ਧਿਆਨ ਦਾ ਛੱਡ ਨ ਦੇਵੀਂ ਗਿਆਨ।
ਧਿਆਨ ਦਾ ਹਰ ਦਮ ਧਿਆਨ ਤੂੰ ਰਖੀਂ, ਏਹੀ ਮਾਣ ਤੇ ਏਹੀ ਤਾਣ।
ਪ੍ਰੇਮ, ਸਹਜ ਤੇ ਪੱਕ[4] ਦੇ ਨਾਲੇ, ਨਾਲ ਧਿਆਨ ਤੂੰ ਆਪ ਪਛਾਣ।
ਗਿਆਨ ਰਾਉ ਇਉਂ ਸੇਜੇ ਆਸੀ, ਵਿਚ ਜਹਾਨ ਤੇਰੀ ਉਚ ਸ਼ਾਨ।

---

੧. ਮਾਸ਼ਕੀ। ੨. ਖੋਹ ਕੇ। ੩. ਮਤਾਂ। ੪. ਪਰਤੀਤ, ਦ੍ਰਿੜ੍ਹਤਾ।



www.AKJ.Org

# ਉੱਚਾ ਟਿੱਲਾ

[ਵਲੋਂ—ਸ: ਭੁਪਿੰਦਰ ਸਿੰਘ ਜੀ, ਪੀ. ਸੀ. ਐਸ.]

ਨਾਇਬ ਸੂਬੇਦਾਰ ਕਰਤਾਰ ਸਿੰਘ ੨੮ ਸਾਲ ਦੀ ਸਿੱਖ ਰਜਮੈਂਟ ਦੇ ਗੁਰਦਵਾਰੇ ਦੀ ਸੇਵਾ ਮਗਰੋਂ ਰੀਟਾਇਰ ਹੋ ਰਹੇ ਸਨ। ਮਾਂ ਪਿਉ ਭਰਤੀ ਹੋਣ ਤੋਂ ਪਹਿਲਾਂ ਹੀ ਮਰ ਗਏ ਸਨ ਤੇ ਵਿਆਹ ਨਾ ਕਰਾਇਆ ਹੋਣ ਕਰਕੇ ਬਾਲ-ਬੱਚਾ ਹੈ ਈ ਕੋਈ ਨਹੀਂ ਸੀ।

ਜੁਆਨਾਂ ਨੇ ਸਲਾਮੀ ਦਿੱਤੀ, ਅਫ਼ਸਰਾਂ ਹਾਰ ਪਾਏ ਤੇ ਸਾਰੀ ਪਲਟਨ ਨੇ ਭਰੇ ਦਿਲ ਤੇ ਸੱਜਲ ਅੱਖਾਂ ਨਾਲ ਬਾਬਾ ਜੀ ਨੂੰ ਵਿਦਾ ਕੀਤਾ।

ਗਡੀ ਇਕ ਸਟੇਸ਼ਨ ਤੇ ਰੁਕੀ। ਉਤਰ ਕੇ ਬਾਬਾ ਕਰਤਾਰ ਸਿੰਘ ਜੀ ਆਪਣੇ ਜੱਦੀ ਪਿੰਡ ਵਲ ਪੈਦਲ ਚਲ ਪਏ, ਜੋ ਚਾਰ ਮੀਲ ਦੀ ਵਿਥ ਤੇ ਸੀ। ਦੋ ਮੀਲ ਦੀਦਾਰ-ਪੁਰ ਤੇ ਦੋ ਮੀਲ ਅਗੇ ਉਨ੍ਹਾਂ ਦਾ ਪਿੰਡ, ਜੋ ਉਹਨਾਂ ਦਾ ਆਪਣਾ ਹੋਣ ਦੇ ਬਾਵਜੂਦ ਓਪਰਾ ਜਿਹਾ ਮਹਿਸੂਸ ਹੋ ਰਿਹਾ ਸੀ। ਸ਼ਹਿਰੀ ਅਬਾਦੀ ਦੀ ਖੱਪ ਤੋਂ ਅੱਧਾ ਮੀਲ ਬਾਹਰ ਨਿਕਲ ਕੇ ਬਾਬਾ ਕਰਤਾਰ ਸਿੰਘ ਜੀ ਬੜੇ ਸ਼ਾਂਤ ਵਾਯੂ-ਮੰਡਲ ਵਿਚ ਆ ਗਏ। ਵਿਸ਼ਾਲ ਕੁਦਰਤ, ਮਿੱਠੇ ਕਮਾਦ, ਸਾਵੀਆਂ ਕਣਕਾਂ ਤੇ ਬਸੰਤੀ ਸਰ੍ਹੋਂ ਦੇ ਖੇਤ ਲਹਿਲਹਾ ਰਹੇ ਸਨ ਤੇ ਸ਼ਾਮ ਦਾ ਵੇਲਾ ਹੋਣ ਕਾਰਨ ਪੰਛੀ ਚਹਿਚਹਾਂਦੇ ਆਪਣੇ ਆਹਲਣਿਆਂ ਵੱਲ ਖਿੱਚੇ ਜਾ ਰਹੇ ਸਨ। ਸੂਰਜ ਦੀ ਲਾਲੀ ਰਾਤ ਦੀ ਗੋਦ ਵਿਚ ਲੁਕਦੀ ਜਾ ਰਹੀ ਸੀ। ਦੂਰ ਪਰੇ ਦੀਦਾਰਪੁਰ ਪਿੰਡ ਦੀਆਂ ਮਮਟੀਆਂ, ਸੂਰਜ ਦੀਆਂ ਆਖ਼ਰੀ ਕਿਰਨਾਂ ਨਾਲ ਰੁਸ਼ਨਾ ਰਹੀਆਂ ਸਨ। ਅਜਿਹੇ ਵਾਤਾਵਰਨ ਵਿਚ ਬਾਬਾ ਕਰਤਾਰ ਸਿੰਘ ਦਾ ਚਿੱਟੇ ਵਾਲਾਂ ਵਿਚ ਲੁਕਿਆ ਦਿਮਾਗ ਕਈ ਦਹਾਕੇ ਪਹਿਲੇ ਜੁੱਗ ਵਿਚ ਚਲਾ ਗਿਆ। ਇਹ ਉਹੋ ਹੀ ਰਸਤਾ ਸੀ ਜਿਸ ਤੇ ਉਹ ਜੁਆਨੀ ਦੇ ਅਲ੍ਹੜ ਜੀਵਨ ਵਿਚ ਲੰਘਦਾ ਰਿਹਾ ਸੀ ਤੇ ਲੁਕ ਛਿਪ ਕੇ ਕਿਸੇ ਨਾਲ ਪ੍ਰੀਤਾਂ ਪਾਈਆਂ ਸਨ। ਪਰ ਹੁਣ ਕਰਤਾਰ ਸਿੰਘ ਦਾ ਇਸ ਪਿੰਡ ਨਾਲ ਕੋਈ ਸੰਬੰਧ ਹੀ ਨਹੀਂ ਸੀ ਰਹਿ ਗਿਆ। ਉਹ ਇਥੇ ਕਿਸੇ ਨੂੰ ਵੀ ਨਹੀਂ ਸੀ ਮਿਲਣਾ ਚਾਹੁੰਦਾ, ਕਿਸੇ ਥਾਂ ਵੀ ਨਹੀਂ ਸੀ ਜਾਣਾ-ਚਾਹੁੰਦਾ।

ਉਸ ਨੂੰ ਹੁਣ ਦੀਦਾਰਪੁਰ ਤੋਂ ਡਰ ਨਹੀਂ ਸੀ ਆਉਂਦਾ। ਹੁਣ ਉਹ ਆਪਣੇ ਆਪ ਨੂੰ ਕਿਸੇ ਤੋਂ ਲੁਕਾਉਣਾ ਨਹੀਂ ਸੀ ਚਾਹੁੰਦਾ। ਉਹ ਵਧਦਾ ਜਾ ਰਿਹਾ ਸੀ ਆਪਣੇ ਜੱਦੀ ਪਰ ਓਪਰੇ ਪਿੰਡ ਵੱਲ। ਉਹ ਦੀਦਾਰਪੁਰ ਦੀ ਫਿਰਨੀ ਵੀ ਲੰਘ ਗਿਆ। ਹਨੇਰਾ ਪਸਰਦਾ ਜਾ ਰਿਹਾ ਸੀ। ਵਾਯੂ-ਮੰਡਲ ਹੋਰ ਸ਼ਾਂਤ ਹੋਈ ਜਾ ਰਿਹਾ ਸੀ। ਬਾਬਾ ਕਰਤਾਰ ਸਿੰਘ ਨੇ ਰਹਿਰਾਸ ਸਾਹਿਬ ਦਾ ਪਾਠ ਸ਼ੁਰੂ ਕੀਤਾ। ਉਸ ਦੀ ਬਿਰਤੀ ਗੁਰੂ ਨਾਨਕ ਦੇਵ ਜੀ ਦੇ ਚਰਨ-ਕੰਵਲਾਂ ਵਿਚ ਟਿਕੀ ਹੋਈ ਸੀ। ਅਨੰਦ ਸਾਹਿਬ ਦਾ ਪਾਠ ਕਰਦਿਆਂ ਇਕ ਪਾਸਿਓਂ ਸਾਰੰਗੀ ਦੀ ਧੁਨ ਸੁਣਾਈ ਦਿੱਤੀ। ਬਾਬਾ ਜੀ ਉਸ ਵਲ ਖਿਚੇ ਗਏ। ਸਾਰੰਗੀ ਨੇ ਉਨ੍ਹਾਂ ਦੀ ਇਕਸੁਰਤਾ ਨੂੰ ਹੋਰ ਪੱਕਿਆਂ ਕਰ ਦਿੱਤਾ। ਅਰਦਾਸ ਤੋਂ ਬਾਅਦ ਉਨ੍ਹਾਂ ਅਖਾਂ ਖੋਲ੍ਹੀਆਂ:

"ਬੜਾ ਆਨੰਦ ਬੰਨ੍ਹਿਆਂ ਈ, ਰਬਾਬੀਆ।"

"ਆਪਣੀ ਧੁਨ ਨਾਲ ਤੁਹਾਨੂੰ ਨਾਮ ਖ਼ੁਮਾਰੀ ਵਿਚ ਲੀਨ ਹੁੰਦਿਆਂ ਦੇਖ ਕੇ ਅੱਜ ਤਾਂ ਮੈਨੂੰ ਵੀ ਬੜਾ ਆਨੰਦ ਆਇਆ।"

"ਤੂੰ ਰਾਤ ਏਥੇ ਹੀ ਰਹਿੰਦਾ ਏਂ? ਕਿਧਰੇ ਵੀ ਨਹੀਂ ਜਾਂਦਾ?"

"ਮੈਂ ਜਾ ਵੀ ਤਾਂ ਕਿਧਰੇ ਨਹੀਂ ਸਕਦਾ।" ਉਸ ਆਪਣੀਆਂ ਲਤਾਂ ਤੇ ਪਿਆ ਕਪੜਾ ਇਕ ਪਾਸੇ ਚੁੱਕ ਦਿਤਾ। ਲਤਾਂ ਦੋਵੇਂ ਹੀ ਕੱਟੀਆਂ ਹੋਈਆਂ ਸਨ।

"ਤੇ ਤੇਰਾ ਆਪਣਾ ਕੋਈ ਨਹੀਂ ਇਥੇ?"

"ਆਪਣਿਆਂ ਨੇ ਹੀ ਤਾਂ ਲਤਾਂ ਕੱਟੀਆਂ ਨੇ।"

"ਉਹੋ......!" ਬਾਬਾ ਜੀ ਨੇ ਦਿਲੋਂ ਦੁਖੀ ਹੋ ਕੇ ਕਿਹਾ।

"ਤੇ ਇਕੱਲੇ ਦਾ ਤੇਰਾ ਜੀ ਕਿਵੇਂ ਲੱਗਦਾ ਏ?"

"ਮੇਰੇ ਦੋ ਸਾਥੀ ਜੁ ਹੈਨ।"

"ਕੌਣ?"

"ਇਕ ਸਾਰੰਗੀ ਤੇ ਇਕ ਮੋਰੀ ਛੇਲੀ।"



www.AKJ.Org

ਝੁੱਗੀ ਤੋਂ ਬਾਹਰ ਖੜੀ ਛੋਲੀ ਨੇ 'ਮੇਂਅ' ਕਹਿ ਕੇ ਹੁੰਗਾਰਾ ਦਿਤਾ।

"ਅੱਛਾ, ਤੇ ਹੁਣ ਅਸੀਂ ਚਾਰੇ ਹੀ ਰਿਹਾ ਕਰਾਂਗੇ। ਮੈਨੂੰ ਵੀ ਆਪਣਾ ਬਣਾ ਲਓ। ਇਕ ਮੰਜੀ ਮੈਂ ਵੀ ਇਸ ਝੁੱਗੀ ਵਿਚ ਡਾਹ ਲਵਾਂਗਾ।"

"ਤੁਸੀਂ ਬਾਬਾ ਜੀ, ਕੁੱਲੀ ਵਿਚ ਕਿਵੇਂ ਰਹਿ ਸਕੋਗੇ ?"

"ਇਹ ਕੁੱਲੀ ਨਹੀਂ, ਰਬਾਬੀਆ, ਇਹ ਤਾਂ ਸੁਰਗ ਦਾ ਝੂਟਾ ਏ, ਜਿਥੇ ਤੇਰੇ ਵਰਗੇ ਪ੍ਰੇਮੀ ਜੀਵੜੇ ਵੱਸਦੇ ਹੋਣ।"

ਕਰਤਾਰ ਸਿੰਘ ਤੇ ਰਬਾਬੀ ਬਾਹਰ ਅਲਾਣੇ ਮੰਜੇ ਤੇ ਬੈਠ ਗਏ। ਠੰਡੀ ਵਾਅ ਰੁਮਕ ਰਹੀ ਸੀ, ਤੀਜ ਦਾ ਚੰਨ ਚੜ੍ਹਿਆ ਹੋਇਆ ਸੀ, ਤਾਰੇ ਚਮਕ ਰਹੇ ਸਨ। ਸਾਰੰਗੀ ਦੀਆਂ ਤਾਰਾਂ 'ਤੇ ਗਜ ਦੀ ਖਿੱਚ ਨੇ ਇਕ ਨਵਾਂ ਹੀ ਰੰਗ ਬੰਨ੍ਹ ਦਿਤਾ। ਮਾਨੋ ਸਾਰਾ ਵਾਯੂ-ਮੰਡਲ ਸ਼ਾਂਤ ਹੋ ਕੇ ਇਸ ਸਾਰੰਗੀ ਨੂੰ ਸੁਣਨ ਲਈ ਬੇਤਾਬ ਹੋਵੇ। ਬਾਬਾ ਕਰਤਾਰ ਸਿੰਘ ਨੇ ਬੜੀ ਮਧੁਰ ਅਵਾਜ਼ ਵਿਚ ਗਾਵਿਆਂ :

**ਭਿੰਨੀ ਰੈਨੜੀਏ ਚਾਮਕਨਿ ਤਾਰੇ।**
**ਜਾਗਹਿ ਸੰਤ ਜਨਾ ਮੇਰੈ ਰਾਮ ਪਿਆਰੇ।**

ਘਰੀਂ ਮੁੜਦੇ ਜਾਂਦੇ ਹਾਲੀਆਂ ਦੇ ਬਲਦਾਂ ਦੇ ਘੁੰਗਰੂ ਛਣਕਣੋਂ ਬੰਦ ਹੋ ਗਏ। ਸਾਰੇ ਬੜੇ ਪਿਆਰ ਨਾਲ ਸ਼ਬਦ ਸੁਨਣ ਲਈ ਆ ਜੁੜੇ। ਸਵੇਰੇ ਸਾਰੇ ਪਿੰਡ ਵਿਚ ਖ਼ਬਰ ਫੈਲ ਗਈ ਕਿ ਕੋਈ ਗੁਰਮੁਖ ਪਿਆਰਾ ਆਇਆ ਹੈ। ਸਤਿਗੁਰੂ ਦੀ ਮਹਿਮਾ ਗਾਉਂਦਾ ਹੈ। ਪਿੰਡ ਦੀ ਪੰਚਾਇਤ ਅਗਲੇ ਦਿਨ ਆਈ। ਗਲਾਂ ਵਿਚ ਪਲੂ ਪਾ ਕੇ ਉਨ੍ਹਾਂ ਸ਼ਾਮੀਂ ਗੁਰਦਵਾਰੇ ਕਥਾ ਕਰਨ ਲਈ ਬੇਨਤੀ ਕੀਤੀ। ਕਥਾ ਕੀਰਤਨ ਵਿਚ ਤਾਂ ਬਾਬਾ ਕਰਤਾਰ ਸਿੰਘ ਨਿਪੁੰਨ ਸੀ। ਸਾਰਾ ਪਿੰਡ ਹੀ ਉਨ੍ਹਾਂ ਦਾ ਸਰਧਾਲੂ ਬਣ ਗਿਆ। ਉਨ੍ਹਾਂ ਗੁਰਦਵਾਰੇ ਵਿਚ ਹੀ ਡੇਰੇ ਲਾਉਣ ਲਈ ਬਾਬਾ ਜੀ ਅਗੇ ਬੇਨਤੀ ਕੀਤੀ। ਪਰ ਉਨ੍ਹਾਂ ਰਬਾਬੀ ਕੋਲੋਂ ਵਿਛੜਨ ਤੋਂ ਨਾਂਹ ਕਰ ਦਿਤੀ। ਅੰਤ ਰਬਾਬੀ ਦੀ ਝੁੱਗੀ ਦੇ ਨਾਲ ਲਗਦੀ ਟਿੱਲੇ ਵਾਲੀ ਜ਼ਮੀਨ ਉਸ ਖੇਵਟਦਾਰ ਦੀ ਪਤਨੀ ਨੇ ਜ਼ੋਰ ਪਾ ਕੇ ਬਾਬਾ ਕਰਤਾਰ ਸਿੰਘ ਦੇ ਨਾਉਂ ਇੰਤਕਾਲ ਕਰਵਾ ਦਿੱਤੀ। ਚੜ੍ਹਾਵੇ ਦੇ ਪੈਸਿਆਂ ਨਾਲ ਬਾਬਾ ਕਰਤਾਰ ਸਿੰਘ ਨੇ ਉੱਚੇ ਟਿੱਲੇ ਤੇ ਇਕ ਸੁੰਦਰ ਕੁਟੀਆ ਬਣਵਾ ਲਈ। ਕੋਲ ਇਕ ਨਲਕਾ ਲੁਆ ਲਿਆ। ਚਾਰੇ ਸਾਥੀ ਉੱਚੇ ਟਿੱਲੇ ਤੇ ਜਾ ਚੜ੍ਹੇ। ਬਾਬਾ ਕਰਤਾਰ ਸਿੰਘ ਦਾ ਨਾਂ ਦੂਰ ਦੂਰ ਤਕ ਸੰਤ ਬਾਬਾ ਕਰਤਾਰ ਸਿੰਘ ਜੀ ਉੱਚੇ ਟਿੱਲੇ ਵਾਲੇ ਕਰ ਕੇ ਮਸ਼ਹੂਰ ਹੋ ਗਿਆ।

ਬਾਰ੍ਹਾਂ ਮੀਲ ਦੀ ਵਿਥ ਤੇ ਇਕ ਹੋਰ ਡੇਰਾ ਸੀ। ਉਨ੍ਹਾਂ ਆਪਣੇ ਸਾਲਾਨਾ ਪੁਰਬ ਤੇ ਹੋਰ ਕੀਰਤਨੀਆਂ ਦੇ ਨਾਲ ਨਾਲ ਸੰਤ ਬਾਬਾ ਕਰਤਾਰ ਸਿੰਘ ਜੀ ਨੂੰ ਵੀ ਬੁਲਾਇਆ। ਸੰਤ ਕਰਤਾਰ ਸਿੰਘ ਇਸ ਡੇਰੇ ਨੂੰ ਦੇਖ ਕੇ ਚਕ੍ਰਿਤ ਰਹਿ ਗਏ। ਗੁਰਦਵਾਰੇ ਦਾ ਵੱਡਾ ਹਾਲ, ਲੰਗਰ, ਆਏ ਗਏ ਰਾਹੀਆਂ ਮੁਸਾਫ਼ਰਾਂ ਲਈ ਪੰਦਰ੍ਹਾਂ ਵੀਹ ਕਮਰੇ, ਡੇਰੇ ਦੇ ਨਾਮ ਲੱਗੀ ਜ਼ਮੀਨ ਵਿਚ ਸਬਜ਼ੀਆਂ, ਇਕ ਪਾਣੀ ਦੀ ਬੰਬੀ, ਦੋ ਮੱਝਾਂ ਤੇ ਹੋਰ ਕਈ ਕੁਝ। ਸੰਤ ਬਾਬਾ ਕਰਤਾਰ ਸਿੰਘ ਸੋਚੀਂ ਪੈ ਗਏ। ਕੀ ਕਦੀ ਸਾਡੇ ਟਿੱਲੇ ਤੇ ਵੀ ਅਜਿਹਾ ਡੇਰਾ ਉਸਰੇਗਾ ? ਉਨ੍ਹਾਂ ਦੀ ਬਿਰਤੀ ਨਹੀਂ ਸੀ ਟਿਕ ਰਹੀ। ਸਜੇ ਦੀਵਾਨ ਵਿਚ ਬੈਠਿਆਂ ਵੀ ਬਾਰ ਬਾਰ ਇਕਸੁਰਤਾ ਭੰਗ ਹੋ ਰਹੀ ਸੀ। ਸਟੇਜ-ਸਕੱਤਰ ਨੇ ਬੜੇ ਚਾਅ ਨਾਲ ਸੰਗਤਾਂ ਨੂੰ ਦੱਸਿਆ ਕਿ ਸੰਤ ਬਾਬਾ ਕਰਤਾਰ ਸਿੰਘ ਜੀ ਹੁਣ ਆਪਣੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਪਰ ਬਾਬਾ ਜੀ ਦੀ ਤਾਰ ਤੇ ਉਧਰ ਹੀ ਵੱਜ ਰਹੀ ਸੀ। ਉਨ੍ਹਾਂ ਬੜੇ ਪਿਆਰ ਨਾਲ ਗਾਵਿਆਂ :—

**ਜੋ ਮਾਗਹਿ ਠਾਕੁਰ ਅਪੁਨੇ ਤੇ, ਸੋਈ ਸੋਈ ਦੇਵੈ।**
**ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ।**

ਸੰਗਤਾਂ ਬੜੀਆਂ ਨਿਹਾਲ ਹੋਈਆਂ, ਪਰ ਸੰਤ ਜੀ ਆਪਣੇ ਦਿਲ ਵਿਚ ਡੇਰੇ ਦੇ ਪਲਾਨ ਦਾ ਭਾਰ ਲੈ ਕੇ ਪਰਤ ਆਏ; ਆਪਣੇ ਮਨ ਨੂੰ ਮਾਇਆ-ਜਾਲ ਵਿਚ ਫਸਾ ਆਏ। ਇਕ ਦਿਨ ਉਨ੍ਹਾਂ ਦੇ ਇਕ ਸੇਵਕ ਨੇ ਦੱਸਿਆ ਕਿ ਜੇ ਗੁਰਦਵਾਰਾ ਬਣਾਉਣ ਲਈ ਇੰਗਲੈਂਡ ਤੇ ਹੋਰ ਵਿਦੇਸ਼ਾਂ ਵਿਚ ਰਹਿੰਦੇ ਸੇਵਕਾਂ ਨੂੰ ਬੇਨਤੀ-ਨਾਮੇ ਭੇਜੇ ਜਾਣ ਤਾਂ ਆਪਣਾ ਸੁਪਨਾ ਪੂਰਾ ਹੋ ਸਕਦਾ ਹੈ। ਚਿੱਠੀਆਂ ਲਿਖੀਆਂ ਗਈਆਂ। ਮਾਇਆ ਆਉਂਦੀ ਰਹੀ,



www.AKJ.Org

ਡੇਰਾ ਬਣਦਾ ਰਿਹਾ। ਸੰਤ ਬਾਬਾ ਜੀ ਮਾਇਆ-ਜਾਲ ਵਿਚ ਜਕੜੇ ਜਾਂਦੇ ਰਹੇ।

ਇਕ ਦਿਨ ਸ਼ਹਿਰ ਇਕ ਗੁਰਪੁਰਬ ਤੇ ਇਕ ਵਜ਼ੀਰ ਸਾਹਿਬ ਨੇ ਆਉਣਾ ਸੀ। ਦੂਰੋਂ ਦੂਰੋਂ ਕਥਾ ਕੀਰਤਨ ਲਈ ਜੱਥੇ ਬੁਲਾਏ ਗਏ। ਸੰਤ ਬਾਬਾ ਕਰਤਾਰ ਸਿੰਘ ਜੀ ਨੂੰ ਵੀ ਸੱਦਾ ਆਇਆ। ਉਨ੍ਹਾਂ ਦੇਖਿਆ, ਕਈ ਸੰਤ ਕਾਰਾਂ ਵਿਚ ਆਏ। ਸਭ ਦਾ ਬੜਾ ਸਵਾਗਤ ਕੀਤਾ ਗਿਆ, ਜੈਕਾਰੇ ਬੁਲਾਏ ਗਏ, ਫੁੱਲਾਂ ਦੇ ਹਾਰ ਪਾਏ ਗਏ। ਸੰਤ ਬਾਬਾ ਕਰਤਾਰ ਸਿੰਘ ਜੀ ਜਦੋਂ ਰਿਕਸ਼ੇ ਤੋਂ ਉਤਰੇ ਤਾਂ ਕਿਸੇ ਜੈਕਾਰਾ ਨਾ ਗਜਾਇਆ, ਕਿਸੇ ਹਾਰ ਨਾ ਪਾਇਆ। ਸੰਤ ਜੀ ਦੇ ਸਵੈਮਾਨ ਨੂੰ ਬੜੀ ਸੱਟ ਲੱਗੀ। ਦੀਵਾਨ ਸਜਿਆ। ਕਥਾ ਕੀਰਤਨ ਹੁੰਦੀ ਰਹੀ। ਸੰਤ ਕਰਤਾਰ ਸਿੰਘ ਇਹੋ ਸੋਚਦੇ ਰਹੇ ਕਿ ਕੀ ਅਜ ਕਲ੍ਹ ਸਿਰਫ਼ ਕਾਰਾਂ ਵਾਲਿਆਂ ਦੀ ਹੀ ਕਦਰ ਰਹਿ ਗਈ ਹੈ। ਕੀ ਜ਼ਿੰਦਗੀ ਦੀਆਂ ਹੋਰ ਕੀਮਤਾਂ ਤੇ ਜੀਵਨ ਦੀ ਸਵੱਛਤਾ ਦਾ ਕੋਈ ਮੁੱਲ ਨਹੀਂ? ਜੇ ਇਹੋ ਕੁਝ ਹੈ ਤਾਂ ਦੂਜੇ ਦੁੱਕੀ ਤਿੱਕੀ ਗੱਦੀਦਾਰਾਂ ਤੋਂ, ਜਿਨ੍ਹਾਂ ਨੂੰ ਨਾ ਕੀਰਤਨ ਕਰਨ ਦਾ ਵਲ ਆਉਂਦਾ ਹੈ, ਨਾ ਸੰਗਤਾਂ ਨੂੰ ਪ੍ਰਭਾਵਿਤ ਕਰਨ ਦੀ ਜਾਚ ਹੈ, ਮੈਂ ਆਪਣਾ ਨਿਰਾਦਰ ਕਿਉਂ ਕਰਾਵਾਂ? ਸਟੇਜ-ਸਕੱਤਰ ਨੇ ਅਨਾਊਂਨਸ ਕੀਤਾ, "ਹੁਣ ਸੰਤ ਬਾਬਾ ਕਰਤਾਰ ਸਿੰਘ ਜੀ ਉੱਚੇ ਟਿੱਲੇ ਵਾਲੇ ਪੌਣੇ ਘੰਟੇ ਲਈ ਸੰਗਤਾਂ ਨੂੰ ਨਿਹਾਲ ਕਰਨਗੇ। ਮੰਤ੍ਰੀ ਜੀ, ਮੈਂ ਇਹ ਦਸਣਾ ਵੀ ਯੋਗ ਸਮਝਦਾ ਹਾਂ ਕਿ ਸੰਤ ਜੀ ਦੀ ਅਵਾਜ਼ ਵਿਚ ਰਸ ਹੈ, ਬੋਲਾਂ ਵਿਚ ਵਿਦਵਤਾ ਹੈ ਤੇ ਜੀਵਨ ਵਿਚ ਪ੍ਰਭਾਵ ਹੈ। ਉਨ੍ਹਾਂ ੨੮ ਸਾਲ ਫ਼ੌਜੀ ਜੁਆਨਾਂ ਦੇ ਜੀਵਨ ਸੁਧਾਰੇ ਤੇ ਸਾਨੂੰ ਮਾਣ ਹੈ ਹੁਣ ਸਾਨੂੰ ਮੋਹ ਮਾਇਆ 'ਚੋਂ ਕਢ ਕੇ ਸਵੱਛ ਜੀਵਨ ਦੀ ਜਾਚ ਸਿਖਾਉਣ ਖ਼ਾਤਰ ਸਾਡੇ ਵਿਚਕਾਰ ਆਏ ਹਨ।"

ਰਬਾਬ ਦੀਆਂ ਤਾਰਾਂ ਤੇ ਮਿੱਠੀ ਧੁਨੀ ਦੇ ਨਾਲ ਹੀ ਬਾਬਾ ਜੀ ਨੇ ਸ਼ਬਦ ਸ਼ੁਰੂ ਕੀਤਾ:—

**ਵਿਣੁ ਬੋਲਿਆਂ ਸਭੁ ਕਿਛੁ ਜਾਣਦਾ, ਕਿਸੁ ਆਗੈ ਕੀਚੈ ਅਰਦਾਸਿ ॥ ਨਾਨਕ ਘਟਿ ਘਟਿ ਏਕੋ ਵਰਤਦਾ, ਸਬਦਿ ਕਰੇ ਪਰਗਾਸ ॥**

ਬਾਬਾ ਜੀ ਨੇ ਕਾਰ ਵੀ ਲੈ ਲਈ ਤੇ ਹੁਣ ਜਿਥੇ ਜਾਂਦੇ ਕਾਰ ਤੇ ਹੀ ਜਾਂਦੇ। ਧਨਵਾਨਾਂ ਤੇ ਧਨਹੀਨਾਂ ਵਿਚ ਮੁੱਢ ਤੋਂ ਹੀ ਵੈਰ ਰਿਹਾ ਹੈ। ਪੈਦਲ ਚਲਦੇ ਜਾਂ ਸਾਈਕਲ-ਸਵਾਰ ਪਿੰਡ ਵਾਲਿਆਂ ਦੇ ਮੂੰਹਾਂ ਤੇ ਜਦੋਂ ਸੰਤਾਂ ਦੀ ਕਾਰ ਘੱਟਾ ਉਡਾਉਂਦੀ ਚਲੀ ਜਾਂਦੀ ਤਾਂ ਉਹ ਮੂੰਹ ਵਿਚ ਬੁੜਬੜਾਉਣ ਲਗਦੇ। ਕਈ ਸੱਚੀਆਂ ਤੇ ਕਈ ਝੂਠੀਆਂ ਕਹਾਣੀਆਂ ਨੂੰ ਮਿਰਚ-ਮਸਾਲਾ ਲਾ ਕੇ ਪਿੰਡ-ਵਾਸੀਆਂ ਨੂੰ ਸੁਣਾਉਂਦੇ। ਸੰਤਾਂ ਦੇ ਸੇਵਕ ਇਹ ਗੱਲਾਂ ਸੰਤਾਂ ਕੋਲ ਪੁਚਾ ਦਿੰਦੇ ਤਾਂ ਉਹ ਕ੍ਰੋਧ ਨਾਲ ਲਾਲ-ਪੀਲੇ ਹੋ ਜਾਂਦੇ।

ਆਮ ਚੋਣਾਂ ਆ ਗਈਆਂ। ਉਮੀਦਵਾਰਾਂ ਤੇ ਵੋਟਰਾਂ ਨੂੰ ਸਿਖਰਾਂ ਦਾ ਚੋਣ-ਬੁਖ਼ਾਰ ਚੜ੍ਹਿਆ ਹੋਇਆ ਸੀ। ਕੁਝ ਸੇਵਕਾਂ ਨੇ ਮਿੰਨਤਾਂ ਕਰ ਕੇ ਤੇ ਕੁਝ ਸਬਜ਼ ਬਾਗ ਦਿਖਾ ਕੇ ਸੰਤਾਂ ਨੂੰ ਇਕ ਧਿਰ ਦੀ ਸਹਾਇਤਾ ਕਰਨ ਲਈ ਮਨਾ ਲਿਆ। ਦੂਜੀ ਧਿਰ ਨੇ ਸੰਤਾਂ ਨੂੰ ਛੱਜ ਵਿਚ ਪਾ ਕੇ ਛੱਟ ਸੁੱਟਿਆ। ਸੰਤਾਂ ਦਾ ਪਹਿਲਾਂ ਵਾਲਾ ਪਿਆਰ ਨਾ ਰਿਹਾ, ਪਹਿਲਾਂ ਵਰਗਾ ਸਤਿਕਾਰ ਨਾ ਰਿਹਾ। ਇਸ ਘੁੰਮਣਘੇਰੀ ਸਦਕਾ ਰਾਤਾਂ ਨੂੰ ਚੰਗੀ ਨੀਂਦ ਨਾ ਆਉਂਦੀ, ਭਜਨ ਪਾਠ ਵੱਲ ਬਿਰਤੀ ਨਾ ਟਿਕਦੀ, ਮਨ ਉਚਾਟ ਰਹਿੰਦਾ।

ਇਕ ਦਿਨ ਸਵੇਰੇ ਅੰਮ੍ਰਿਤ ਵੇਲੇ ਉਹ ਨਦੀ ਵਿਚ ਨਹਾਉਣ ਗਏ। ਅਜੇ ਉਨ੍ਹਾਂ ਪਿੰਡੇ ਤੇ ਦੋ ਬੁਕ ਹੀ ਪਾਏ ਹੋਣਗੇ ਕਿ ਉਨ੍ਹਾਂ ਨੂੰ ਇੰਜ ਲਗਾ ਜਿਵੇਂ ਇਕ ਤੰਦੂਆ ਭਿਆਨਕ ਅੱਖਾਂ ਨਾਲ ਉਨ੍ਹਾਂ ਨੂੰ ਘੂਰ ਰਿਹਾ ਹੈ। ਅਗਲੇ ਪਲ ਉਹਨਾਂ ਮਹਿਸੂਸਿਆ ਕਿ ਤੰਦੂਏ ਨੇ ਉਨ੍ਹਾਂ ਦੇ ਚਾਰੇ ਪਾਸੇ ਜਾਲ ਫੈਲਾ ਦਿੱਤਾ ਹੈ। ਜਾਲ ਦੀ ਜਕੜ ਪੀਡੀ ਤੋਂ ਪੀਡੀ ਹੁੰਦੀ ਗਈ। ਤੰਦੂਆ ਡੂੰਘੇ ਪਾਣੀਆਂ ਵਿਚ ਉਨ੍ਹਾਂ ਨੂੰ ਘਸੀਟ ਰਿਹਾ ਸੀ। ਉਨ੍ਹਾਂ ਇਸ ਜਕੜ ਤੋਂ ਅਜ਼ਾਦ ਹੋਣ ਲਈ ਬੜੇ ਹੱਥ ਪੈਰ ਮਾਰੇ, ਪਰ ਜਾਲ ਦੀਆਂ ਤੰਦਾਂ ਬੜੀਆਂ ਸ਼ਕਤੀ-ਸ਼ਾਲੀ ਸਨ। ਇਕ ਪਾਸਿਓਂ ਉਨ੍ਹਾਂ ਖੁਲ੍ਹਾ ਰਸਤਾ ਦੇਖਿਆ। ਆਪਣਾ ਆਪਾ ਉਹ ਜਾਲ ਤੋਂ ਛੁਡਾ ਕੇ ਭੱਜੇ, ਪਰ ਤੰਦੂਏ ਨੇ ਆਪਣੇ ਜਾਲ ਦਾ ਦੂਜਾ ਪਾਸਾ ਓਧਰ ਵਧਾ ਦਿਤਾ। ਸੰਤ ਜੀ ਫਿਰ ਜਕੜੇ ਗਏ। ਤੰਦੂਆ ਫਿਰ ਸੰਤਾਂ ਨੂੰ ਭਿਆਨਕ ਡੂੰਘਾਣਾਂ ਵਿਚ ਘਸੀਟਣ ਲਗਾ। ਸੰਤਾਂ ਦੀ ਚੀਕ ਨਿਕਲ ਗਈ ਤੇ ਨਾਲ ਹੀ ਉਨ੍ਹਾਂ ਦੀ ਜਾਗ ਖੁਲ੍ਹ ਗਈ। ਤੰਦੂਆ



www.AKJ.Org

ਕਿਧਰੇ ਨਹੀਂ ਸੀ। ਜਾਲ ਕਿਧਰੇ ਨਹੀਂ ਸੀ। ਡੂੰਘੇ ਪਾਣੀ ਵੀ ਕਿਧਰੇ ਨਹੀਂ ਸਨ। ਸੰਤ ਜੀ ਸੋਚਦੇ, ਇਹ ਕੀ ਕੌਤਕ ਵਰਤਿਆ। ਫਿਰ ਉਨ੍ਹਾਂ ਨੂੰ ਆਪ ਹੀ ਸਮਝ ਆ ਗਈ। ਜਿੰਨਾ ਚਿਰ ਉਹ ਤਿਆਗੀ ਰਹੇ, ਦੂਜਿਆਂ ਦੇ ਕੰਮ ਆਉਂਦੇ ਰਹੇ, ਸਰਬੱਤ ਦਾ ਭਲਾ ਲੋਚਦੇ ਰਹੇ, ਉਹ ਸੁਖੀ ਸਨ। ਉਸ ਤੋਂ ਬਾਅਦ ਮਾਇਆ-ਜਾਲ ਨੇ ਉਨ੍ਹਾਂ ਨੂੰ ਜਕੜ ਲਿਆ। ਉਹ ਲੋਭ ਦੀਆਂ ਡੂੰਘੀਆਂ ਖਾਈਆਂ ਵਿਚ ਜਾ ਡਿੱਗੇ। ਉਨ੍ਹਾਂ ਮਹਿਸੂਸ ਕੀਤਾ ਕਿ ਜਦੋਂ ਤੋਂ ਉਹ ਉੱਚੇ ਟਿੱਲੇ ਤੇ ਚੜ੍ਹੇ ਹਨ, ਸਦਾਚਾਰ ਦੇ ਪੱਖ ਤੋਂ ਉੱਨਾ ਹੀ ਥੱਲੇ ਡਿਗ ਪਏ ਹਨ। ਕੀ ਹੈ ਇਹ ਮਾਇਆ-ਜਾਲ, ਜੋ ਜੁਆਨੀ ਨਹੀਂ ਦੇਖਦਾ, ਬੁਢੇਪਾ ਨਹੀਂ ਦੇਖਦਾ, ਚੋਰ ਨਹੀਂ ਦੇਖਦਾ, ਸਾਧ ਨਹੀਂ ਵੇਖਦਾ, ਸਮੇਂ ਤੇ ਮੁਲਕ ਦੀ ਜਿਸ ਵਿਚ ਤਮੀਜ਼ ਨਹੀਂ? ਇਹ ਹਰ ਇਕ ਨੂੰ ਆਪਣੇ ਵਿਸ਼ਾਲ ਜਾਲ ਵਿਚ ਜਕੜ ਕੇ ਦੁਰਾਚਾਰ ਦੀਆਂ ਡੂੰਘੀਆਂ ਖਾਈਆਂ ਵਿਚ ਖਿਚ ਲੈ ਜਾਂਦਾ ਹੈ। ਮਾਇਆ-ਜਾਲ ਵੀ ਮੱਕੜੀ ਦੇ ਜਾਲ ਵਾਂਗ ਹੀ ਤਾਂ ਹੈ: ਇਕ ਵਾਰ ਮੱਖੀ ਫਸੀ ਚਾਹੀਦੀ ਹੈ ਜਿੰਨੇ ਹੱਥ ਪੈਰ ਮਾਰੇਗੀ, ਉੱਨੀ ਹੀ ਉਲਝਦੀ ਜਾਵੇਗੀ। ਬਾਬਾ ਜੀ ਨੇ ਆਪਣੇ ਆਪ ਨਾਲ ਪ੍ਰਣ ਕੀਤਾ ਕਿ ਮੈਂ ਇਸ ਮਾਇਆ-ਜਾਲ ਨੂੰ ਤੋੜ ਸੁਟਾਂਗਾ। ਉਹ ਅੰਮ੍ਰਿਤ ਵੇਲੇ ਮਨ ਪੱਕਾ ਕਰ ਕੇ ਉੱਠੇ। ਸਭ ਕੁਝ ਤਿਆਗ ਕੇ ਉੱਚੇ ਟਿੱਲੇ ਤੋਂ ਥਲੇ ਉਤਰਨ ਲਗੇ। ਜਿਵੇਂ ਜਿਵੇਂ ਉੱਚੇ ਟਿੱਲੇ ਤੋਂ ਥਲੇ ਉਤਰ ਰਹੇ ਸਨ, ਆਪਣੇ ਆਪ ਨੂੰ ਅਜ਼ਾਦ ਸਮਝ ਰਹੇ ਸਨ। ਦੁਨੀਆ ਤੋਂ ਬੇਫ਼ਿਕਰ ਸਨ। ਆਪਣੇ ਧਿਆਨ ਉਹ ਅਨਜਾਣੀ ਮੰਜ਼ਲ ਵਲ ਵਧ ਰਹੇ ਸਨ ਤੇ ਸ਼ਬਦ ਉਚਾਰ ਰਹੇ ਸਨ:—

**ਬਾਬਾ ਮਾਇਆ ਸਾਥਿ ਨ ਹੋਇ। ਇਨਿ ਮਾਇਆ ਜਗੁ ਮੋਹਿਆ, ਵਿਰਲਾ ਬੂਝੈ ਕੋਇ।**

---

# ਸ੍ਰੀ ਮੁਕਤਸਰ ਸਾਹਿਬ ਵਿਖੇ ਅਖੰਡ ਕੀਰਤਨ

ਸਮੂੰਹ ਸੰਗਤਾਂ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥਿਆਂ ਵਲੋਂ ਗੁਰਦੁਆਰਾ ਸਾਹਿਬ ਟੁੱਟੀ ਗੰਢੀ ਸ੍ਰੀ ਮੁਕਤ ਸਾਹਿਬ ਵਿਖੇ ਅਖੰਡ ਕੀਰਤਨ ਦੇ ਪ੍ਰੋਗਰਾਮ ਹੋ ਰਹੇ ਹਨ। ਗੁਰੂ ਚਰਨਾਂ ਵਿਚ ਜੁੜਨ ਅਤੇ ਕੀਰਤਨ ਦਾ ਰਸ ਭੁੰਚਣ ਭੁੰਚਾਣ ਲਈ ਸਮੂੰਹ ਗੁਰੂ ਪਿਆਰੇ ਵੀਰ ਭੈਣਾਂ ਆਇ ਦੀਦਾਰ ਬਖਸ਼ੋ ਜੀ।

## ਪ੍ਰੋਗਰਾਮ

੧੧-੯-੭੫ ਸਵੇਰੇ ੭ ਵਜੇ ਅਰੰਭ ਸ੍ਰੀ ਅਖੰਡ ਪਾਠ, ਗੁਰਦੁਆਰਾ ਟੁਟੀ ਗੰਢੀ ਵਿਖੇ।
੧੨-੯-੭੫ ਸਵੇਰੇ ੪ ਤੋਂ ੯ ਅਖੰਡ ਕੀਰਤਨ ਗੁਰਦੁਆਰਾ ਟਿੱਬੀ ਸਾਹਿਬ ਵਿਖੇ।
ਸ਼ਾਮ ੮ ਤੋਂ ੧੧ ਅਖੰਡ ਕੀਰਤਨ ਗੁਰਦੁਆਰਾ ਟੁਟੀ ਗੰਢੀ ਵਿਖੇ।
੧੩-੯-੭੫ ਸਵੇਰੇ ੫ ਵਜੇ ਸਮਾਪਤੀ ਅਖੰਡ ਪਾਠ, ਉਪਰੰਤ ੯ ਵਜੇ ਤਕ ਅਖੰਡ ਕੀਰਤਨ।
ਸ਼ਾਮ ਨੂੰ ਅਰੰਭ ਰੈਣ ਸਬਾਈ (ਚੌਂਕੀ ਸਾਹਿਬ ਦੇ ਭੋਗ ਤੋਂ ਉਪਰੰਤ) ਗੁ: ਟੁੱਟੀ ਗੰਢੀ ਵਿਖੇ।
੧੪-੯-੭੫ ਸਵੇਰੇ ਰੈਣ ਸਬਾਈ ਕੀਰਤਨ ਦੀ ਸਮਾਪਤੀ।

ਨੋਟ—੧. ਅੰਮ੍ਰਿਤ-ਸਿੰਚਾਰ ੧੩ ਸਤੰਬਰ ਨੂੰ ਸ਼ਾਮ ਦੇ ੪ ਵਜੇ ਅਰੰਭ ਹੋਵੇਗਾ।
੨. ਰਿਹਾਇਸ਼ ਤੇ ਲੰਗਰ ਦਾ ਪਰਬੰਧ ਅਤੇ ਅੰਮ੍ਰਿਤ-ਸਿੰਚਾਰ ਗੁਰਦੁਆਰਾ ਟੁਟੀ ਗੰਢੀ ਵਿਖੇ ਹੋਣਗੇ।
੩. ਭਾਈ ਸਾਹਿਬ ਮਹਿੰਦਰ ਸਿੰਘ ਜੀ ਐਸ. ਡੀ. ਓ. ਦੇ ਅਖੰਡ ਕੀਰਤਨੀ ਜਥੇ ਪੁਜਣ ਦੀ ਪ੍ਰਵਾਨਗੀ ਪੁਜ ਚੁਕੀ ਹੈ।

ਦਰਸ਼ਨ ਅਭਿਲਾਖੀ—
ਸਮੂੰਹ ਸੰਗਤ, ਸ੍ਰੀ ਮੁਕਤਸਰ

ਪੁੱਛ ਗਿੱਛ—ਭਾ: ਗੁਰਦੇਵ ਸਿੰਘ ਵੀਰਿੰਦਰ ਸਿੰਘ
੩੫੩੪, ਮਲੋਟ ਰੋਡ, ਮੁਕਤਸਰ


www.AKJ.Org

# ਰਜ ਗੁਣ ਤਮ ਗੁਣ **ਸਤ ਗੁਣ** ਕਹੀਐ

## ਇਹ ਤੇਰੀ ਸਭ ਮਾਇਆ ॥

[ ਵਲੋਂ ਸਾਰੰਗ ਜੀ, ਕਪੂਰਥਲਾ ]

ਤਮੋ ਗੁਣੀ ਜਾਂ ਰਜੋ ਗੁਣੀ ਸੁਭਾਅ ਦੀ ਵਿਚਾਰ ਕਰਦਿਆਂ ਇਸ ਗੱਲ ਦਾ ਨਿਰਣਾ ਹੋਇਆ ਸੀ ਕਿ ਦੋਹਾਂ ਹਾਲਤਾਂ ਵਿਚ 'ਭਰਮ' ਅਤੇ 'ਮੋਹ' ਇਸ ਜਗਤ ਦਾ ਮੂਲ ਹਨ।

ਮੂਲੁ ਮੋਹੁ ਕਰਿ, ਕਰਤੈ ਜਗਤੁ ਉਪਾਇਆ ॥
ਮਮਤਾ ਲਾਇ ਭਰਮਿ ਭੁਲਾਇਆ ॥ ਪੰਨਾ ੧੧੨੯

ਤਮੋ ਅਸੋਧੀ ਬਿਰਤੀ ਦਾ ਸੂਚਕ ਹੈ । ਮੂੜ੍ਹ, ਖਲ, ਮੁਗਧ, ਹਤਿਆਰਾ, ਪਾਪੀ, ਕਾਮੀ, ਕ੍ਰੋਧੀ, ਅਗਿਆਨੀ, ਅੰਧਾ, ਇਹੋ ਜਿਹੇ ਸ਼ਬਦਾਂ ਰਾਹੀਂ ਤਮੋ ਗੁਣੀ ਵਾਲੇ ਨੂੰ ਜਾਣਿਆ ਜਾਂਦਾ ਹੈ। ਚਤੁਰ, ਸਿਆਣਾ, ਮਾਇਆ ਮਦ-ਮਾਤਾ, ਮਾਇਆਧਾਰੀ, ਮੁਖ-ਗਿਆਨੀ, ਕਪਟੀ, ਪਾਖੰਡੀ ਆਦਿ ਸ਼ਬਦ ਰਜੋ ਗੁਣੀ ਲਈ ਵਰਤੇ ਗਏ ਹਨ। ਇਨ੍ਹਾਂ ਦੋਹਾਂ ਅਵਸਥਾਵਾਂ ਵਿਚ ਜੀਵਨ ਦਾ ਤਾਣਾ ਪੇਟਾ ਉਲਝਿਆ ਜਿਹਾ ਰਹਿੰਦਾ ਹੈ । ਕਦੀ ਹਰਖ ਕਦੀ ਸੋਗ, ਕਦੀ ਉਤਾਰ ਕਦੀ ਚੜ੍ਹਾ, ਦੌੜ, ਭਜ-ਨਠ, ਅਗੇ ਵਧਣਾ, ਵਡਾ ਬਣਨਾ, ਧਨ ਖਟਣਾ, ਧਨ ਜੋੜਨਾ, ਚਾਹੇ ਕਿਸੇ ਹੀਲੇ ਨਾਲ ਜੁੜੇ; ਸਾਰਾ ਦਿਨ ਚਕਰਾਂ ਵਿਚ ਪਏ ਰਹਿਣਾ; ਵਿਖਾਵਾ ਕਰਨਾ, ਪਖੰਡ ਕਰਨਾ, ਆਦਿ ਇਹ ਸਭ ਰਜੋ ਗੁਣੀ ਜੀਵਨ ਦਾ ਨਕਸ਼ਾ ਹੈ।

ਪਰ ਸਤੋ ਗੁਣ ਵਿਚ ਤਾਂ ਸੁਭਾਅ ਸ਼ਾਂਤ ਹੋ ਜਾਂਦਾ ਹੈ। ਇਸ ਨੂੰ ਦੈਵੀ ਸੁਭਾਅ ਭੀ ਆਖਦੇ ਹਨ। ਦੇਵਤਿਆਂ ਦੇ ਸੁਭਾਅ ਨੂੰ ਸਤੋ ਗੁਣੀ ਕਹਿ ਦਿੰਦੇ ਹਨ। ਭਾਵ ਉਹ ਸੁਭਾਅ ਜੋ ਉਪਰੋਕਤ ਦੌੜ-ਭਜ ਤੋਂ ਰੁਕ ਜਾਏ। ਮਨੁਖ ਇਹ ਪ੍ਰਸ਼ਨ ਕਰਨ ਲਗ ਪੈਂਦਾ ਹੈ ਕਿ ਆਖ਼ਰ ਮੈਂ ਧਨ ਕਮਾਵਾਂ ਜਾਂ ਜੋੜਾਂ ਤਾਂ ਕਾਹਦੇ ਲਈ ? ਮਾਨ-ਪ੍ਰਤਿਸ਼ਠਾ, ਪਦਵੀ ਪ੍ਰਾਪਤ ਕਰਾਂ ਤਾਂ ਕਿਉਂ ?

"ਜਾਂ ਰਹਿਣਾ ਨਾਹੀ ਐਤੁ ਜਗਿ ਤਾਂ ਕਾਇਤੁ ਗਾਰਬਿ ਹੰਢੀਐ।" [ਆਸਾ ਦੀ ਵਾਰ

ਹੁਣ ਥੋੜਾ ਥੋੜਾ ਭਰਮ ਦਾ ਪਰਦਾ ਕਿਤੋਂ ਕਿਤੋਂ ਟੁਟਦਾ ਹੈ ਜੋ ਅਗੇ ਚਲ ਕੇ "ਗਿਆਨ ਕੀ ਆਈ ਆਂਧੀ" ਨਾਲ ਉਡ ਜਾਏਗਾ । ਪਰ ਉਸ ਪਰਦੇ ਵਿਚ ਪਾੜ ਸਤੋ ਗੁਣ ਵਿਚ ਹੀ ਆ ਕੇ ਪੈਂਦੇ ਹਨ। ਇਸ ਤੋਂ ਪਹਿਲੇ ਤਾਂ ਰੌਸ਼ਨੀ ਦਾ ਦਿਸਣਾ ਅਸੰਭਵ ਜਿਹਾ ਹੁੰਦਾ ਹੈ।

ਭਾਰਤੀ ਧਰਮ-ਗ੍ਰੰਥਾਂ ਅਨੁਸਾਰ ਸਤੋ ਗੁਣੀ ਦੇ ਹੇਠ ਲਿਖੇ ਲਛਣ ਹੁੰਦੇ ਹਨ : ਅੰਤਹਕਰਣ (ਹਿਰਦੇ) ਦੀ ਸੁਧੀ ਲਈ ਸੱਚ ਬੋਲਣਾ ਤੇ ਸਚਾ ਸੁਚਾ ਜੀਵਨ ਬਤੀਤ ਕਰਨ ਨੂੰ ਜੀਅ ਕਰਨਾ, ਕਿਉਂਕਿ ਇਉਂ ਸਚੇ ਦੇ ਨੇੜੇ ਹੋਵੀਦਾ ਹੈ। ਸੱਚੇ ਦੇ ਨੇੜੇ ਹੋਣ ਲਈ ਝੂਠ ਤੋਂ ਨਫਰਤ ਹੋ ਜਾਂਦੀ ਹੈ ਅਤੇ ਸੁਚਮਤਾ ਜਾਂ ਬਿਬੇਕ ਰਖਣ ਲਈ ਸੁਭਾਵਕ ਹੀ ਰੁਚੀ ਉਪਜਦੀ ਹੈ।

ਸੁਭਾਅ ਚੂੰਕਿ ਸਤ ਤੇ ਆਧਾਰਤ ਹੁੰਦਾ ਹੈ ਇਸ ਲਈ ਸਰਲ ਹੁੰਦਾ ਹੈ। ਉਸਦਾ ਕੁਝ ਭੀ ਗੁਝਾ ਨਹੀਂ ਰਹਿੰਦਾ। ਮਨੁਖ ਹਿੰਸਾ ਨਹੀਂ ਕਰਦਾ ਅਤੇ ਮਾਸ ਮਛੀ, ਅੰਡੇ ਨਹੀਂ ਖਾਂਦਾ, ਕਿਉਂਕਿ ਇਸ ਵਿਚ ਹਿੰਸਾ ਭੀ ਹੈ ਅਤੇ ਜੀਅ-ਦਇਆ ਦੇ ਪਖੋਂ ਵੀ ਘਾਟਾ ਹੀ ਘਾਟਾ ਹੈ।

"ਜੀਅ ਦਇਆ ਪਰਵਾਨੁ" ਹੋਣ ਕਰਕੇ ਮਨੁਖ ਦਾ ਸੁਭਾਅ ਜਿਥੇ ਸਰਲ ਹੁੰਦਾ ਹੈ ਉਥੇ ਕੋਮਲ ਭੀ ਬਣ ਜਾਂਦਾ ਹੈ। ਰਸਨਾ ਰਸੀਲੀ ਬਣ ਜਾਂਦੀ ਹੈ । ਹਰ ਇਕ ਨੂੰ ਪਿਆਰ ਨਾਲ ਬੁਲਾਣਾ, ਆਦਰ ਦੇਣਾ ਤੇ ਨਿਮਰਤਾ ਵਿਚ ਬਚਨ ਬਿਲਾਸ ਕਰਨੇ ਉਸ ਦਾ ਸੁਭਾਅ ਬਣ ਜਾਂਦਾ ਹੈ। ਪਰ ਅਸਲ ਨਿਮਰਤਾ ਸਹਿਜ ਅਵਸਥਾ ਵਿਚ ਪੁਜ ਕੇ ਆਉਂਦੀ ਹੈ, ਜਦੋਂ ਮਨੁੱਖ ਸਗਲ ਕੀ ਰੇਣਕਾ ਬਣੇ ਰਹਿਣ ਵਿਚ ਹੀ ਪ੍ਰਸੰਨਤਾ ਪ੍ਰਾਪਤ ਕਰਦਾ ਹੈ । ਇਥੇ ਪੁਜ ਕੇ, ਚੁਗਲੀ ਨਿੰਦਾ ਭੀ ਮਨ ਨੂੰ ਚੰਗੀ ਨਹੀਂ ਲਗਦੀ। ਰਜੋ ਗੁਣੀ ਚੰਚਲਤਾ ਨੂੰ ਠਲ੍ਹ ਪੈ ਜਾਂਦੀ ਹੈ, ਜਿਸਦੀ ਥਾਂ ਸੁਭਾਅ ਵਧੇਰੇ ਸ਼ਾਂਤ ਅਤੇ ਸਰਲ ਬਣਦਾ ਜਾਂਦਾ ਹੈ।

ਦਇਆ ਕਰਨੀ, ਦਾਨ-ਪੁੰਨ ਕਰਨਾ, ਜਗ ਕਰਨਾ,



www.AKJ.Org

ਤਪ ਕਰਨਾ, ਖਿਮਾ ਕਰਨੀ ਇਹ ਸਾਰੇ ਸਤੋ ਗੁਣੀ ਸੁਭਾ ਦੇ ਲਛਣ ਹਨ। ਜਗ ਕਰਨ ਦੇ ਨਾਲ ਨਾਲ ਤੀਰਥਾਂ ਤੇ ਨਹਾਉਣਾ, ਦਿਨ ਦਿਹਾਰਾਂ ਸਮੇਂ ਉਚੇਚੇ ਤੀਰਥ ਇਸ਼ਨਾਨ ਕਰਨੇ, ਮਸਿਆ, ਪੂਰਨਮਾਸ਼ੀ, ਗ੍ਰਹਿਣ ਆਦਿ ਦੀਆਂ ਮਨੌਤਾਂ ਮੰਨਣੀਆਂ, ਵਰਤ ਰਖਣੇ, ਮੋਨ ਵਰਤ ਧਾਰਨੇ, ਵੇਦ ਪਾਠ ਕਰਨੇ ਕਰਾਉਣੇ, ਕਈ ਪ੍ਰਕਾਰੀ ਯੋਗ ਸਾਧਨਾ ਰਾਹੀਂ ਦੇਹੀ ਨੂੰ ਸਾਧਣਾ ਤੇ ਸੰਵਾਰਨਾ, ਇਹ ਸਭ ਲਛਣ ਪੁਰਾਤਨ ਧਰਮ ਗ੍ਰੰਥਾਂ ਆਦਿ ਦੇ ਆਧਾਰ ਤੇ ਉਲੀਕੇ ਹੋਏ ਹਨ। ਇਸੇ ਵਿਚ ਬੋਧੀਆਂ ਦਾ, ਜਾਂ ਜੈਨੀਆਂ ਦਾ ਨਿਰਵਾਣ-ਪ੍ਰਾਪਤੀ-ਮਾਰਗ ਆ ਜਾਂਦਾ ਹੈ। ਇਨ੍ਹਾਂ ਵਿਚ ਹੀ ਦੁਨੀਆ ਦੇ ਸਾਰੇ ਮਜ਼ਹਬਾਂ ਦੇ ਚੰਗੇ ਮਾਨਵੀ ਅਸੂਲਾਂ ਦੀਆਂ ਜੜ੍ਹਾਂ ਹਨ। ਸਤੋ ਗੁਣ ਮਾਨੋ ਮਨੁਖ ਦੇ ਸਭ ਤੋਂ ਉਚੇ ਆਦਰਸ਼ ਦੀ ਅਤੇ ੰਗੇ ਜੀਵਨ ਦੀ ਜੁਗਾਂ ਪੁਰਾਣੀ ਤਸਵੀਰ ਦੀ ਕਲਪਨਾ ਹੈ। ਇਥੋਂ ਤਕ ਕਿ ਬ੍ਰਾਹਮਣ ਇਸ ਨੂੰ ਦੈਵੀ ਜੀਵਨ ਆਖਦੇ ਹਨ। ਅਤੇ ਇਹ ਹੁਣ ਭੀ ਮੰਨਿਆ ਜਾਂਦਾ ਹੈ ਕਿ ਇਸ ਤੋਂ ਉਪਰ ਮਨੁਖ ਲਈ ਪ੍ਰਾਪਤ ਕਰਨ ਲਈ ਕੁਝ ਨਹੀਂ।

ਪਰ ਗੁਰਬਾਣੀ ਵਿਚ ਇਸ ਅਵਸਥਾ ਨੂੰ ਭੀ ਅਕਾਲ ਪੁਰਖ ਦੀ "ਮਾਇਆ" ਦਾ ਇਕ ਸੁਹਾਵਣਾ ਰੂਪ ਦਸਿਆ ਹੈ ਅਤੇ ਥਾਂ ਥਾਂ ਸਾਵਧਾਨ ਕੀਤਾ ਹੈ ਕਿ ਇਸਦੇ ਭੁਲੇਖੇ ਵਿਚ ਪੈ ਕੇ ਬੈਠੇ ਨਹੀਂ ਰਹਿਣਾ।

ਰਜ ਗੁਣ, ਤਮ ਗੁਣ ਸਤ ਗੁਣ ਕਹੀਐ, ਇਹ
ਤੇਰੀ ਸਭ ਮਾਇਆ ॥ (ਪੰਨਾ ੧੧੨੩)

ਦੇਵਤਿਆਂ ਨੂੰ ਸਤੋ ਗੁਣੀ ਮੰਨਿਆ ਜਾਂਦਾ ਹੈ– ਜਿਨ੍ਹਾਂ ਦੀ ਪੂਜਾ ਰਜੋ ਗੁਣੀ ਤੇ ਤਮੋ ਗੁਣੀ ਸ਼ਰੇਣੀ ਦੇ ਮਨੁਖ ਕਰਦੇ ਆਏ ਹਨ। ਭਾਵ ਭਾਰਤੀ ਪਰੰਪਰਾ ਅਨੁਸਾਰ ਹੁਣ ਭੀ ਲੋਕ ਸਤੋ ਗੁਣੀ ਸ਼੍ਰੇਣੀ ਦੇਵੀ ਦੇਵਤਿਆਂ– ਦੀ ਪੂਜਾ ਕਰਦੇ ਹਨ (ਭਾਵੇਂ ਦੇਵੀ ਦੇਵਤੇ ਅਜੂਨੀ ਨਹੀਂ, ਇਹ ਭੀ ਇਕ ਸਤੋ ਗੁਣੀ ਜੂਨ ਹੈ)। ਦੇਵਤਿਆਂ ਵਿਚ ਤਿੰਨ ਦੇਵਤੇ ਸ਼ਰੋਮਣੀ ਹਨ, ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਸ਼ੰਕਰ। ਪਰ ਸਤੋ ਗੁਣੀ ਹੋਣ ਦੇ ਬਾਵਜੂਦ ਭੀ ਇਨ੍ਹਾਂ ਤਿੰਨਾਂ ਨੂੰ ਪ੍ਰਭੂ ਪਰਮੇਸਰ ਨਹੀਂ ਦਿਸਦਾ।

ਓਹੁ ਵੇਖੈ, ਓਨਾ ਨਦਰਿ ਨ ਆਵੈ, ਬਹੁਤਾ ਏਹੁ
ਵਿਡਾਣੁ ॥ (ਜਪੁਜੀ ਪਉੜੀ ੩੦)

ਭਾਵ ਜੇ ਸ਼੍ਰੋਮਣੀ ਸਤੋ ਗੁਣੀ ਦੇਵਤੇ ਇਸ ਮਾਇਆ ਦੇ ਪਰਦੇ ਵਿਚ-ਦੀ ਪ੍ਰਭੂ ਪ੍ਰੀਤਮ ਦੇ ਦਰਸ਼ਨ ਨਹੀਂ ਪਾ ਸਕਦੇ ਤਾਂ ਹੇਠਲੇ ਪਧਰ ਦੇ ਸਤੋ ਗੁਣੀ ਮਨੁਖ––ਸਿਧ ਸਾਧਕ, ਸੰਨਿਆਸੀ, ਤਪਸੀ, ਜੋਗੀ, ਨਾਥ, ਮਹਾਤਮਾ ਆਦਿ ਕਿਵੇਂ ਸਤੋ ਗੁਣ ਰਾਹੀਂ ਨਿਰਬਾਣ ਪਦ ਦੀ ਪ੍ਰਾਪਤੀ ਕਰ ਸਕਦੇ ਹਨ?

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ ਬੇਦ ਕੀ
ਬਿਪਤਿ ਪੜੀ ਪਛੁਤਾਨਿਆ ॥ (ਪੰਨਾ ੨੪੪)
ਸਨਕ, ਸਨੰਦ, ਅੰਤੁ ਨਹੀ ਪਾਇਆ ॥ (ਪੰਨਾ ੪੭੮)

ਫਿਰ ਮਨੁਖੀ ਪਧਰ ਤੇ ਸੰਨਿਆਸੀਆਂ, ਜੋਗੀਆਂ ਆਦਿ ਦੇ ਕਠਨ ਤਪਾਂ ਦਾ ਭੀ ਬਾਣੀ ਅੰਦਰ ਜ਼ਿਕਰ ਆਉਂਦਾ ਹੈ, ਪਰ ਉਸ ਤੋਂ ਹੋਈ ਪ੍ਰਾਪਤੀ ਬਾਰੇ ਜਦੋਂ ਨਿਗਾਹ ਮਾਰੀਦੀ ਹੈ ਤਾਂ ਬੜੀ ਨਿਰਾਸਤਾ ਹੁੰਦੀ ਹੈ ਕਿ ਕਿੰਨੇ ਕਿੰਨੇ ਬਰਸ ਉਨ੍ਹਾਂ ਲੋਗਾਂ ਨੇ ਕਠਨ ਤਪ ਕੀਤੇ ਪਰ ਪ੍ਰਾਪਤੀ ਉਸ ਦੇ ਤੁਲ ਕੁਝ ਨ ਹੋਈ। ਇਸਦਾ ਨਕਸ਼ਾ ਗੁਰੂ ਅਰਜਨ ਦੇਵ ਜੀ ਨੇ ਸੋਰਠ ਰਾਗ ਵਿਚ ਕਾਫ਼ੀ ਵਿਸਥਾਰ ਨਾਲ ਖਿਚਿਆ ਹੈ–

'ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ
ਭੁਅੰਗਮ ਸਾਧੇ ॥ ਪੰਚ ਜਨਾ ਸਿਉ ਸੰਗੁ ਨ
ਛੁਟਕਿਓ ਅਧਿਕ ਅਹੰਬੁਧਿ ਬਾਧੇ ॥' (ਪੰਨਾ ੬੪੧)

ਸਤੋ ਗੁਣੀ ਨੂੰ ਸੰਬੋਧਨ ਕਰ ਕੇ ਰਹਾਉ ਦੀ ਤੁਕ ਵਿਚ ਸਮੁਚੇ ਸ਼ਬਦ ਦਾ ਸਾਰ ਦਸਿਆ ਹੈ ਤੇ ਗੁਰੂ ਮਹਾਰਾਜ ਜੀ ਸਮਝੌਤੀ ਦਿੰਦੇ ਹੋਏ ਸਮਝਾਂਦੇ ਹਨ:

"ਪਿਆਰੇ ਇਨ ਬਿਧਿ ਮਿਲਣੁ ਨ ਜਾਈ, ਮੈ
ਕੀਏ ਕਰਮ ਅਨੇਕਾ ॥ ਹਾਰਿ ਪਰਿਓ ਸੁਆਮੀ
ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥
(ਪੰਨਾ ੬੪੧)

ਜੀਅ ਰੇ ਓਲ੍ਹਾ ਨਾਮ ਕਾ ॥ ਅਵਰੁ ਜਿ ਕਰਨ
ਕਰਾਵਨੋ ਤਿਨ ਮਹਿ ਭਉ ਹੈ ਜਾਮ ਕਾ ॥੧॥
(ਪੰਨਾ ੨੧੧)

ਸਤੋ ਗੁਣੀ ਕਰਮ ਵੇਦਾਂ ਸ਼ਾਸਤ੍ਰਾਂ ਦਾ ਨੁਸਖ਼ਾ ਹੈ, ਜੋ ਅਜ ਤਕ ਵਰਤਿਆ ਜਾ ਰਿਹਾ ਹੈ। ਪਰ ਵਰਤਣ ਵਾਲੇ ਅਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਸੇ ਨੁਸਖ਼ੇ ਤੋਂ ਅਨਜਾਣ ਹਨ। ਗੁਰਮਤਿ ਅਨੁਸਾਰ ਉਪਰਲਾ ਨੁਸਖ਼ਾ



www.AKJ.Org

ਜੁਗਾਂ ਪੁਰਾਣਾ ਹੈ ਅਤੇ ਕਲਜੁਗ ਵਿਚ ਕੇਵਲ ਨਾਮ ਦੀ ਹੀ ਮਹੱਤਤਾ ਹੈ।

ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ,
ਕਲਿ ਮਹਿ ਕੀਰਤਿ ਹਰਿ ਨਾਮਾ ॥ ੨ ॥
(ਪੰਨਾ ੭੯੭)

ਅਹੰਬੁਧਿ ਕਰਮ ਕਮਾਵਨੇ ॥ ਗ੍ਰਿਹ ਬਾਲੂ ਨੀਰਿ
ਬਹਾਵਨੇ ॥ (ਪੰਨਾ ੨੧੧)

ਦੇ ਗੁਰ ਹੁਕਮ ਅਨੁਸਾਰ ਸਤੋ ਗੁਣੀ ਕਰਮ, ਕਰਮ-ਕਾਂਡ ਦਾ ਚਕਰ ਚਲਾ ਦਿੰਦੇ ਹਨ। ਇਨ੍ਹਾਂ ਵਿਚ ਆਸਾ ਮਨਸਾ ਹੁੰਦੀ ਹੈ, ਜੋ ਜੀਅ ਨੂੰ ਬੰਧਨਾਂ ਵਿਚ ਪਾ ਦਿੰਦੀ ਹੈ।

ਆਸਾ ਮਨਸਾ ਬੰਧਨੀ ਭਾਈ, ਕਰਮ ਧਰਮ
ਬੰਧਕਾਰੀ ॥ ਪਾਪਿ ਪੁੰਨਿ ਜਗੁ ਜਾਇਆ ਭਾਈ,
ਬਿਨਸੈ ਨਾਮੁ ਵਿਸਾਰੀ ॥ ਇਹ ਮਾਇਆ ਜਗਿ
ਮੋਹਣੀ ਭਾਈ, ਕਰਮ ਸਭੇ ਵੇਕਾਰੀ ॥ ੧ ॥
(ਪੰਨਾ ੬੩੫)

ਕਰਮਾਂ ਤੇ ਨਿਰਭਰ ਮਨੁਖ ਚੰਗੇ ਮੰਦੇ ਫਲ ਭੋਗਣ ਲਈ ਆਂਦਾ ਜਾਂਦਾ ਹੈ, ਕਿਉਂਕਿ ਹਰ ਕਰਮ ਪਿਛੇ ਕਰਨ ਵਾਲੇ ਦੀ ਹਉਮੈ ਬਣੀ ਰਹਿੰਦੀ ਹੈ।

ਜਬ ਇਹ ਜਾਨੈ ਮੈ ਕਿਛੁ ਕਰਤਾ ॥ ਤਬ ਲਗੁ
ਗਰਭ ਜੋਨਿ ਮਹਿ ਫਿਰਤਾ ॥...ਅਨਿਕ ਤਪਸਿਆ
ਕਰੇ ਅਹੰਕਾਰ ॥ ਨਰਕ ਸੁਰਗ ਫਿਰਿ ਫਿਰਿ
ਅਵਤਾਰ ॥ ਅਨਿਕ ਜਤਨ ਕਰਿ ਆਤਮ ਨਹੀ
ਦ੍ਰਵੈ ॥ ਹਰਿ ਦਰਗਹ ਕਹੁ ਕੈਸੇ ਗਵੈ ॥
(ਗਉੜੀ ਸੁਖਮਨੀ, ਪੰਨਾ ੨੭੮)

ਇਹੀ ਹਾਲ ਸਾਰੇ ਸਤੋ ਗੁਣੀ ਤਪੀਆਂ ਦਾ ਹੈ।

ਐਸਾ ਦੇਖਿ ਬਿਮੋਹਿਤ ਹੋਏ ॥ ਸਾਧਿਕ ਸਿਧ ਸੁਰ
ਦੇਵ ਮਨੁਖਾ, ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ ॥
ਤਪੁ ਕਰਤੇ ਤਪਸੀ ਭੂਲਾਏ ॥ ਪੰਡਿਤ ਮੋਹੇ
ਲੋਭਿ ਸਬਾਏ ॥ ਤੈ ਗੁਣ ਮੋਹੇ ਮੋਹਿਆ ਆਕਾਸੁ ॥
ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥ (ਪੰਨਾ ੩੭੦)

ਭਾਵ ਕੇਵਲ ਤਪ ਹੋਮ ਨਿਰਮਲ ਕਰਮ ਕਰਨ ਨਾਲ ਹਉਮੈ ਨਹੀਂ ਮਿਟਦੀ। ਇਕ ਹੋਰ ਬੜੀ ਦਿਲਚਸਪ ਗੱਲ ਇਹ ਹੈ ਕਿ ਉਪ੍ਰੋਕਤ ਸਤੋ ਗੁਣੀ ਕਰਮ ਵਿਅਕਤੀ-ਗਤ ਹੁੰਦੇ ਹਨ। ਇਨ੍ਹਾਂ ਵਿਚ ਸਾਧ-ਸੰਗਤ ਅਤੇ ਸੇਵਾ ਦੀ ਘਾਟ ਹੁੰਦੀ ਹੈ, ਜਿਸ ਕਰਕੇ ਹਉਮੈ ਨਹੀਂ ਮਿਟਦੀ। ਮਾਨੋ ਇਨ੍ਹਾਂ ਦੇ ਸਾਧਨਾਂ ਦਾ ਹਰ ਮਨੁਖ ਲਈ ਸਿਧਾਂਤ (Theory) ਤੋਂ ਬਾਅਦ ਆਤਮਕ-ਪ੍ਰਯੋਗਸ਼ਾਲਾ ਵਿਚ ਅਮਲੀ ਵਰਤੋਂ ਕਰਨਾ (Practical) ਅਤਿ ਜ਼ਰੂਰੀ ਹੈ। ਸਤੋ ਗੁਣੀ ਭਾਰਤ-ਵਾਸੀ ਪੁਰਾਤਨ ਸਮਿਆਂ ਵਿਚ ਭੀ ਅਤੇ ਹੁਣ ਭੀ ਕਿਸੇ ਨੁਕਰੇ ਬੈਠਦੇ ਹਨ। ਲੋਕੀ ਇਨ੍ਹਾਂ ਨੂੰ ਪਲਾਇਨ ਵਾਦੀ (escapist) ਭੀ ਆਖ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਭੀ ਸਿਧਾਂ ਨੂੰ ਵਾਪਸ ਮੁੜਨ ਲਈ ਪ੍ਰੇਰਿਆ ਹੀ ਸੀ। ਪਰ ਉਹ ਸਤੋ ਗੁਣੀ ਮਾਇਆ ਦੇ ਭਰਮਾਏ ਪਹਾੜਾਂ ਵਿਚ ਹੀ ਲੁਕੇ ਰਹੇ।

ਕਰਾਮਾਤਾਂ ਨੂੰ ਭੀ ਸਤੋ ਗੁਣ ਦਾ ਇਕ ਅੰਗ ਮੰਨਿਆ ਜਾਂਦਾ ਹੈ। ਆਖ਼ਰ ਜੋਗ, ਤਪ, ਸਾਧਨਾ ਕਰਨ ਨਾਲ ਕੁਝ ਨ ਕੁਝ ਤਾਂ ਪ੍ਰਾਪਤੀ ਹੁੰਦੀ ਹੀ ਹੈ। ਇਨ੍ਹਾਂ ਵਿਚ ਨੌਂ ਪ੍ਰਕਾਰ ਦੀਆਂ ਨਿਧੀਆਂ (ਖਜ਼ਾਨੇ) ਹਨ :—ਪਦਮ (ਸੋਨਾ ਚਾਂਦੀ), ਮਹਾ ਪਦਮ (ਹੀਰੇ ਜਵਾਹਰਾਤ), ਸੰਖ (ਸੁੰਦਰ ਭੋਜਨ ਕਪੜੇ), ਮਕਰ (ਰਾਜ ਤੇ ਪ੍ਰਤਿਸ਼ਠਾ), ਕਛਪ (ਕਪੜੇ ਦਾਣੇ ਦੀ ਸੁਦਾਗਰੀ), ਕੁੰਦ (ਸੋਨੇ ਦੀ ਸੁਦਾਗਰੀ), ਨੀਲ (ਮੋਤੀ ਮੂੰਗੇ ਦੀ ਸੁਦਾਗਰੀ), ਮੁਕੰਦ (ਰਾਗ ਅਤੇ ਕੋਮਲ ਹੁਨਰਾਂ ਦੀ ਪ੍ਰਾਪਤੀ) ਵਰਚ ਜਾਂ ਖ਼ਰਬਾਂ।

ਇਸ ਤੋਂ ਇਲਾਵਾ ੧੮ ਪ੍ਰਕਾਰ ਦੀਆਂ ਸਿਧੀਆਂ ਭੀ ਹਨ ਜੋ ਤਪੀ ਤਪੀਸਰਾਂ ਨੂੰ ਪ੍ਰਾਪਤ ਹੁੰਦੀਆਂ ਹਨ। ੧. ਅਣਿਮਾ (ਦੂਜੇ ਦਾ ਰੂਪ ਧਾਰਨ ਕਰ ਲੈਣਾ), ੨. ਮਹਿਮਾ (ਦੇਹ ਨੂੰ ਵਡਾ ਕਰ ਲੈਣਾ), ੩. ਲਘਿਮਾ (ਦੇਹ ਨੂੰ ਛੋਟਾ ਕਰ ਲੈਣਾ), ੪. ਗਰਿਮਾ (ਭਾਰੀ ਹੋ ਜਾਣਾ), ੫. ਪ੍ਰਾਪਤੀ (ਮਨ ਇਛਤ ਭੋਗਾਂ ਦੀ ਪ੍ਰਾਪਤੀ), ੬. ਪ੍ਰਕਾਮਜ (ਹੋਰਨਾਂ ਦੇ ਮਨ ਦੀ ਬੁਝ ਲੈਣੀ), ੭. ਈਸ਼ਿਤਾ (ਆਪਣੀ ਮਰਜ਼ੀ ਅਨੁਸਾਰ ਸਭ ਨੂੰ ਪ੍ਰੇਰ ਲੈਣਾ), ੮. ਵਸ਼ਿਤਾ (ਮਰਜ਼ੀ ਅਨੁਸਾਰ ਸਭ ਨੂੰ ਕਾਬੂ ਕਰ ਸਕਣਾ), ੯. ਅਨੁਰਮਿ (ਭੁਖ ਪਿਆਸ ਤੇ ਕਾਬੂ), ੧੦. ਦੂਰ ਸ੍ਰਵਣ (ਦੂਰੋਂ ਗੱਲ ਸੁਣ ਲੈਣੀ), ੧੧. ਦੂਰ ਦਰਸ਼ਨ (ਦੂਰ ਦੇ ਨਜ਼ਾਰੇ ਵੇਖ ਸਕਣੇ), ੧੨. ਮਨੋਵੇਗ (ਖ਼ਿਆਲ ਦੀ ਰਫਤਾਰ ਨਾਲੋਂ ਭੀ ਤੇਜ ਜਾਣਾ), ੧੩. ਕਾਮ ਰੂਪ (ਮਨ ਮਰਜ਼ੀ ਦਾ ਰੂਪ ਧਾਰਨ ਕਰ ਲੈਣਾ), ੧੪.

www.AKJ.Org

ਪਰਕਾਇ ਪ੍ਰਵੇਸ਼ (ਦੂਜੇ ਦੀ ਦੇਹ ਵਿਚ ਪ੍ਰਵੇਸ਼ ਕਰਨਾ), ੧੫. ਸਵੈ ਇਛ-ਮਿਰਤੂ (ਮਰਜ਼ੀ ਨਾਲ ਪ੍ਰਾਣ ਤਿਆਗਣੇ), ੧੬. ਸੁਰ ਕ੍ਰੀੜਾ (ਦੇਵਤਿਆਂ ਨਾਲ ਰਲ ਕੇ ਮੌਜਾਂ ਕਰਨੀਆਂ), ੧੭. ਸੰਕਲਪ ਸਿਧਿ (ਜੋ ਚਾਹੁਣਾ ਸੋ ਪੂਰਾ ਹੋ ਜਾਣਾ), ੧੮. ਅਪ੍ਰਤਿਹਤ ਗਤਿ (ਬਿਨਾਂ ਰੋਕ ਟੋਕ ਹਰ ਥਾਂ ਜਾ ਸਕਣਾ)।

ਰਿਧਿ ਪ੍ਰਾਪਤੀ ਨੂੰ ਕਹਿੰਦੇ ਹਨ । ਇਨ੍ਹਾਂ ਸਿਧੀਆਂ ਦੀ ਪਰਾਪਤੀ ਜਾਂ ਨਿਧੀਆਂ ਦੀ ਪ੍ਰਾਪਤੀ ਮੋਹ ਹੈ। ਜਿਥੇ ਮੋਹ ਹੈ ਉਹ ਮਾਇਆ ਹੈ। ਜੇ ਮਾਇਆ ਹੈ ਤਾਂ ਭਰਮ ਭੁਲੇਖਾ ਭੀ ਹੈ। ਮਾਇਆ ਨਾਗਣੀ ਭੀ ਹੈ, ਛਲਣ ਵਾਲੀ ਭੀ ਹੈ। ਇਸ ਲਈ ਗੁਰੂ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਸਤੋ ਗੁਣੀ ਕਰਮ ਭਾਵੇਂ ਚੰਗੇ ਹਨ, ਭਾਵੇਂ ਇਨ੍ਹਾਂ ਵਿਚ ਪ੍ਰਾਪਤੀਆਂ ਹਨ, ਪਰ ਹੈਨ ਠਗਣ ਵਾਲੀਆਂ। ਇਨ੍ਹਾਂ ਨਾਲ ਸਚੀ ਦਰਗਹ ਸੋਭਾ ਨਹੀਂ ਮਿਲਦੀ।

> ਮਨਹਠਿ ਕਿਨੈ ਨ ਪਾਇਓ, ਸਭ ਥਕੇ ਕਰਮ ਕਮਾਇ ॥ ਮਨ ਹਠਿ ਭੇਖ ਕਰਿ ਭਰਮਦੇ, ਦੁਖੁ ਪਾਇਆ ਦੂਜੈ ਭਾਇ ॥ ਰਿਧਿ ਸਿਧਿ ਸਭੁ ਮੋਹੁ ਹੈ, ਨਾਮੁ ਨ ਵਸੈ ਮਨਿ ਆਇ ॥ ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ, ਅਗਿਆਨੁ ਅੰਧੇਰਾ ਜਾਇ ॥ ਨਾਮੁ ਰਤਨੁ ਘਟਿ ਪਰਗਟੁ ਹੋਆ, ਨਾਨਕ ਸਹਜਿ ਸਮਾਇ ॥ ੧ ॥
>
> (ਸਲੋਕ ਮ: ੧, ਅੰਕ ੫੯੩)

ਸਪਸ਼ਟ ਹੈ, ਗੁਰਮਤਿ ਇਸ ਪੜਾਅ ਤੇ ਆ ਕੇ ਪੁਰਾਤਨ ਭਾਰਤੀ ਆਤਮ-ਵਾਦ ਤੋਂ ਅਡ ਹੋ ਕੇ ਵਹਿ ਤੁਰਦੀ ਹੈ। ਭਾਰਤੀ ਆਤਮ-ਵਾਦ ਦੀ ਅੰਤਮ ਸੀਮਾ ਸਤੋ ਗੁਣ ਹੈ, ਹਠ ਹੈ, ਤਪ ਹੈ, ਜੋਗ ਸਾਧਨ ਹਨ। ਪਰ ਪ੍ਰਭੂ ਨਾਲ ਮਿਲਾਪ ਹਠ ਨਾਲ ਨਹੀਂ ਹੋ ਸਕਦਾ । ਪ੍ਰਭੂ ਕੋਈ ਅਜਿਹੀ ਭੋਲੀ ਭਾਲੀ ਸ਼ਖਸੀਅਤ ਨਹੀਂ ਜੋ ਮਾੜੇ ਮੋਟੇ ਕਰਮਾਂ ਤੇ ਪਸੀਜ ਪਏ, ਖੁਸ਼ ਹੋ ਜਾਏ।

> ਨ ਭੀਜੈ ਰਾਗੀ ਨਾਦੀ ਬੇਦਿ ॥ ਨ ਭੀਜੈ ਸੁਰਤੀ ਗਿਆਨੀ ਜੋਗਿ ॥ ਨ ਭੀਜੈ ਸੋਗੀ ਕੀਤੈ ਰੋਜਿ ॥ ਨ ਭੀਜੈ ਰੂਪੀ ਮਾਲੀ ਰੰਗਿ ॥ ਨ ਭੀਜੈ ਤੀਰਥਿ ਭਵਿਐ ਨੰਗਿ ॥ ਨ ਭੀਜੈ ਦਾਤੀ ਕੀਤੈ ਪੁੰਨਿ ॥ ਨ ਭੀਜੈ ਬਾਹਰਿ ਬੈਠਿਆ ਸੁੰਨਿ ॥ ਨ ਭੀਜੈ ਭੇੜਿ ਮਰਹਿ ਭਿੜਿ ਸੂਰ ॥ ਨ ਭੀਜੈ ਕੇਤੇ ਹੋਵਹਿ ਧੂੜ ॥ ਲੇਖਾ ਲਿਖੀਐ ਮਨ ਕੈ ਭਾਇ ॥ ਨਾਨਕ ਭੀਜੈ ਸਾਚੈ ਨਾਇ ॥ (ਮਹਲਾ ੧, ਪੰਨਾ ੧੨੩੭)

ਮੁਕਦੀ ਗੱਲ ਇਹ ਹੈ ਕਿ ਭਾਵੇਂ ਲਖ ਸਤੋ ਗੁਣੀ ਕਰਮ ਕੀਤੇ ਜਾਣ, ਕਰਮ ਕਰਮ ਹੀ ਹੁੰਦੇ ਹਨ। ਇਨ੍ਹਾਂ ਪਿਛੇ ਹਉਮੈ, ਵਿਖਾਵਾ, ਆਸਾ ਮਨਸਾ, ਆਦਿ ਜ਼ਰੂਰ ਹੁੰਦੇ ਹਨ। ਨਿਬੇੜਾ ਗੁਰੂ ਨਾਨਕ ਪਾਤਸ਼ਾਹ ਆਪ ਹੀ ਕਰਦੇ ਹਨ ਕਿ ਲੇਖਾ ਤਾਂ "ਮਨ ਕੈ ਭਾਇ" ਨਾਲ, ਭਾਵ ਮਨ ਦੀ ਭਾਵਨੀ ਨਾਲ ਹੋਣਾ ਹੈ। ਮਨ ਪੂਰਨ ਤੌਰ ਤੇ ਉਸ ਦੀ ਰਜ਼ਾ ਵਿਚ ਟਿਕ ਜਾਵੇ ਤਾਂ ਸਤੋ ਗੁਣੀ ਕਲਾਸ ਤੋਂ ਅਗਲੇਰੀ ਕਲਾਸ ਵਿਚ ਤਰੱਕੀ (Promotion) ਹੋ ਜਾਂਦੀ ਹੈ, ਜਿਸ ਨੂੰ ਸਹਿਜ ਅਵਸਥਾ ਆਖਦੇ ਹਨ। ਪਰ ਇਹ ਸਭ ਉਸ ਪ੍ਰਭੂ-ਗੁਰੂ ਕਿਰਪਾਲ ਦੀ ਕਿਰਪਾ ਦ੍ਰਿਸ਼ਟੀ ਨਾਲ ਹੀ ਹੋ ਸਕਦਾ ਹੈ।

ਹਾਂ ਇਤਨਾ ਜ਼ਰੂਰ ਹੈ ਕਿ ਸਤੋ ਗੁਣ ਦੀ ਅਵਸਥਾ ਨੂੰ ਪ੍ਰਾਪਤ ਕਰ ਕੇ ਤਮੋ ਗੁਣੀ ਕਮੀਨਾ-ਪਣ, ਧਕੇਸ਼ਾਹੀ, ਜਾਂ ਗੁੰਡਾ-ਗਰਦੀ ਨਹੀਂ ਰਹਿੰਦੀ। ਜਾਂ ਰਜੋ ਗੁਣੀ ਸੁਭਾਅ ਦਾ ਸ਼ੋਰ, ਅਡੰਬਰ, ਨੁਮਾਇਸ਼, ਹੈਂਕੜ ਕਾਫ਼ੀ ਮੁਕ ਜਾਂਦੀ ਹੈ। ਮਨੁਖ ਕੁਝ ਸ਼ਾਂਤੀ ਅਨੁਭਵ ਕਰਦਾ ਹੈ।

ਪਰ ਇਹ ਕਦੀ ਨਹੀਂ ਕਿਹਾ ਜਾ ਸਕਦਾ ਕਿ ਅਸੀਂ ਕਿਹੜੀ ਅਵਸਥਾ ਵਿਚ ਹਾਂ। ਬੜੇ ਬੜੇ ਸਤੋ ਗੁਣੀ ਸਾਧੂ ਕਈ ਵਾਰੀ ਤਮੋ ਗੁਣੀ ਰੁਚੀ ਦੀਆਂ ਕਰਤੂਤਾਂ ਕਰਦੇ ਸੁਣੀਦੇ ਹਨ । ਉਸ ਦੀ ਮਾਇਆ ਬੜੀ ਪਰਬਲ ਹੈ।

> ਤਪੁ ਕਰਤੇ ਤਪਸੀ ਭੂਲਾਏ ॥

ਵਡੇ ਵਡੇ ਕਹਿੰਦੇ ਕਹਾਉਂਦੇ ਨਾਮ-ਅਭਿਆਸੀ ਜਨ ਕਈ ਵਾਰੀ ਰਜੋ ਗੁਣੀ ਜਾਂ ਤਮੋ ਗੁਣੀ ਸੁਭਾਅ ਵਿਚ ਵਰਤਦੇ ਦੇਖੇ ਜਾਂਦੇ ਹਨ।

ਜਗਤ ਤਮਾਸ਼ਾ ਹੈ। ਅਸੀਂ ਤਾਂ ਉਸਦੇ ਪਾਤਰ ਹਾਂ। ਜਿਵੇਂ ਜਿਵੇਂ ਉਹ ਸਾਨੂੰ ਵਰਤਦਾ ਹੈ ਤਿਵੇਂ ਤਿਵੇਂ ਅਸੀਂ ਕਰਮ ਕਮਾਂਦੇ ਹਾਂ । ਸਹਿਜ ਅਵਸਥਾ ਵਿਚ ਅਪੜ ਕੇ ਹੀ ਚਾਨਣਾ ਹੁੰਦਾ ਹੈ। ਫਿਰ ਤਾਂ ਰਜ਼ਾ ਦੀ ਰਮਜ਼ ਸਮਝ ਆ ਜਾਂਦੀ ਹੈ। ਹੁਕਮ ਦੇ ਆਸਰੇ ਤਤੀ ਤਵੀ ਭੀ ਫੁੱਲਾਂ ਦੀ ਸੇਜਾ ਲਗਦੀ ਹੈ। ਬੰਦ ਬੰਦ ਕਟੀਣ ਭਾਵੇਂ ਆਰੇ ਨਾਲ ਦੁਫਾੜ ਹੋਣ, ਅਟਲ ਰਜ਼ਾ ਦਿਸਦੀ ਹੈ।

www.AKJ.Org

# ਕੀ ਰਹਿਤ ਦੀ ਲੋੜ ਨਹੀਂ ?

ਕਈ ਪੜ੍ਹੇ ਲਿਖੇ ਸਿਖ ਨੌਜਵਾਨ, ਜਿਨ੍ਹਾਂ ਨੂੰ ਆਪਣੇ ਧਰਮ ਅਤੇ ਇਤਿਹਾਸ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ, ਉਹ ਸਵਾਲ ਕਰਦੇ ਹਨ ਕਿ ਰਹਿਤ ਦੀ ਕੀ ਲੋੜ ਹੈ ?

ਇਹ ਲੋਕ ਕੇਵਲ *ਕੇਸ, ਕੰਘਾ, ਕਿਰਪਾਨ, ਕੜਾ ਤੇ ਕਛਹਿਰਾ ਪਹਿਨਣ ਨੂੰ ਹੀ ਰਹਿਤ ਸਮਝਦੇ ਹਨ ਤੇ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਾਲਮ ਰਾਜ ਨਾਲ ਟਕਰ ਲੈਣ ਲਈ ਜਦ ਖਾਲਸਾ ਫੌਜ ਸਾਜੀ ਉਸ ਵੇਲੇ ਉਨ੍ਹਾਂ ਦੀ ਵਰਦੀ ਦੇ ਇਹ ਪੰਜ ਵੱਡੇ ਚਿੰਨ੍ਹ ਸਨ, ਹੁਣ ਦੇਸ਼ ਆਜ਼ਾਦ ਹੈ, ਰਾਜ ਸਾਡਾ ਆਪਣਾ ਹੈ, ਇਸ ਲਈ ਇਨ੍ਹਾਂ ਦੀ ਹੁਣ ਕੀ ਲੋੜ ਹੈ ?

ਜੇ ਇਨ੍ਹਾਂ ਨੌਜਵਾਨਾਂ ਦੀ ਗੱਲ ਇਕ ਮਿੰਟ ਲਈ ਮੰਨ ਵੀ ਲਈਏ ਤਾਂ ਅਸੀਂ ਪੁੱਛਦੇ ਹਾਂ ਕਿ ਭਾਰਤ ਦੀ ਹੁਣ ਪਾਕਿਸਤਾਨ ਜਾਂ ਹੋਰ ਕਿਸੇ ਦੇਸ਼ ਨਾਲ ਲੜਾਈ ਤਾਂ ਨਹੀਂ । ਸਾਡੀ ਸਰਕਾਰ ਨੂੰ ਕੀ ਲੋੜ ਹੈ ਹਰ ਸਾਲ ਅਰਬਾਂ ਰੁਪਏ ਆਪਣੇ ਫੌਜ ਅਤੇ ਫੌਜੀ ਸਮਾਨ ਉਪਰ ਖਰਚ ਕਰੇ ? ਕਿਉਂ ਨਾ ਫ਼ੌਜ ਤੋੜ ਕੇ ਇਹ ਰੁਪਿਆ ਦੇਸ਼ ਦੀ ਗਰੀਬੀ ਨੂੰ ਦੂਰ ਕਰਨ ਲਈ ਵਰਤਿਆ ਜਾਵੇ ।

ਪਰ ਸਿਆਣੇ ਚੰਗੀ ਤਰ੍ਹਾਂ ਜਾਣਦੇ ਹਨ ਕਿ ਫ਼ੌਜ ਦਾ ਹੋਣਾ ਜਿਤਨਾ ਲੜਾਈ ਦੇ ਸਮੇਂ ਜ਼ਰੂਰੀ ਹੁੰਦਾ ਹੈ ਉਤਨਾ ਹੀ ਜ਼ਰੂਰੀ ਅਮਨ (ਸ਼ਾਂਤੀ) ਸਮੇਂ ਹੁੰਦਾ ਹੈ । ਇਸੇ ਲਈ ਕੋਈ ਵੀ ਦੇਸ਼ ਸ਼ਾਂਤੀ ਸਮੇਂ ਆਪਣੀ ਸੈਨਾ ਨੂੰ ਨਹੀਂ ਛਡਦਾ । ਜੇ ਦੁਨਿਆਵੀ ਫੌਜ ਦੇ ਸਿਪਾਹੀ ਆਪਣੀ ਵਰਦੀ ਨਹੀਂ ਛੱਡਦੇ ਤਾਂ ਕੀ ਅਸੀਂ "ਖ਼ਾਲਸਾ ਅਕਾਲ ਪੁਰਖ ਦੀ ਫ਼ੌਜ" ਦੇ ਸਿਪਾਹੀ ਆਪਣੀ ਬਾਹਰਲੀ ਰਹਿਤ ਜਾਂ ਵਰਦੀ ਛੱਡ ਦੇਈਏ ?

ਜਿਸ ਤਰ੍ਹਾਂ ਫ਼ੌਜ ਦਾ ਸਿਪਾਹੀ ਵਰਦੀ ਤੋਂ ਬਗੈਰ ਸਿਪਾਹੀ ਨਹੀਂ ਅਖਵਾ ਸਕਦਾ ਇਸੇ ਤਰ੍ਹਾਂ ਪੰਜ ਕਕਾਰੀ ਰਹਿਤ ਤੋਂ ਬਿਨਾਂ ਸਿੱਖ, ਸਿਖ ਜਾਂ ਸਿੰਘ ਹੀ ਨਹੀਂ ਅਖਵਾ ਸਕਦਾ । ਸਾਡੀ ਅੰਦਰਲੀ ਰਹਿਤ ਕੋਈ ਦੇਖੇਗਾ ਤਾਂ ਦੇਖੇਗਾ, ਪਰ ਇਸ ਬਾਹਰਲੀ ਰਹਿਤ ਨੂੰ ਦੇਖ ਕੇ ਹੀ ਲੋਕੀ ਸਾਨੂੰ 'ਗੁਰੂ ਕਾ ਸਿੰਘ' ਆਖਣਗੇ । ਇਸ ਲਈ ਇਹ ਵੀ ਬੜੀ ਜ਼ਰੂਰੀ ਹੈ । **ਇਸ ਤਰ੍ਹਾਂ ਇਹ ਬਾਹਰਲੀ ਰਹਿਤ ਸਾਡੇ ਨਿਆਰੇ-ਪਣ ਦਾ ਸੂਚਕ ਹੈ ।**

ਕਈ ਕਹਿੰਦੇ ਹਨ ਕਿ ਬਾਹਰਲੀ ਰਹਿਤ ਅਸੀਂ ਭਾਵੇਂ ਨਹੀਂ ਰਖੀ, ਪਰ ਅੰਦਰੋਂ ਅਸੀਂ ਪੱਕੇ ਸਿਖ ਹਾਂ, ਜਾਂ ਮਨ ਕਰਕੇ ਅਸੀਂ ਸਿਖ ਹੀ ਹਾਂ ਕਿਉਂਕਿ ਅਸੀਂ ਗੁਰੂ ਸਾਹਿਬ ਨੂੰ ਮੰਨਦੇ ਹਾਂ । ਪਰ ਇਹ ਵੀ ਪਾਖੰਡ ਹੈ ਤੇ ਝੂਠ ਹੈ । ਕਿਉਂਕਿ ਮਨ ਦੀ ਸਿਖੀ ਤਾਂ ਤਨ ਦੀ ਸਿਖੀ ਨਾਲੋਂ ਬਹੁਤ ਮੁਸ਼ਕਿਲ ਹੈ । ਜਿਹੜਾ ਮਨੁੱਖ ਕੇਸ ਦਾੜ੍ਹੀ ਹੀ ਸਾਬਤ ਨਹੀਂ ਰੱਖ ਸਕਦਾ, ਕੜਾ ਕਿਰਪਾਨ ਤੇ ਕਛਹਿਰਾ ਹੀ ਨਹੀਂ ਪਹਿਨ ਸਕਦਾ, ਉਹ ਮਨ ਕਰਕੇ ਸਿਖ ਕਿਸ ਤਰ੍ਹਾਂ ਹੋ ਸਕਦਾ ਹੈ, ਕਿਉਂਕਿ ਮਨ ਕਰਕੇ ਸਿੱਖ ਹੋਣ ਵਾਲੇ ਨੂੰ ਸਵੇਰੇ ਤਿੰਨ ਵਜੇ ਉਠਣਾ ਪੈਂਦਾ ਹੈ, ਸਿਮਰਨ ਕਰਨਾ ਪੈਂਦਾ ਹੈ, ਨਿਤਨੇਮ ਦੇ ਨਾਲ ਨਾਲ ਹਰ ਵਕਤ ਪ੍ਰਭੂ ਦੀ ਯਾਦ ਵਿਚ ਰਹਿਣਾ ਪੈਂਦਾ ਹੈ । ਇਸ ਬਾਰੇ ਗੁਰੂ ਸਾਹਿਬ ਆਪ ਲਿਖ ਗਏ ਹਨ :—

> "ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ, ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ, ਸੋ ਗੁਰਸਿਖ ਗੁਰੂ ਮਨਿ ਭਾਵੈ......॥"

ਇਹ ਸ਼ਬਦ ਪੜ੍ਹ ਕੇ ਮਨ ਕਰਕੇ ਸਿਖ ਅਖਵਾਉਣ ਵਾਲੇ ਦਸਣ ਕਿ ਕੀ ਉਹ ਸੱਚੀ ਮੁਚੀਂ ਇਸ ਤਰ੍ਹਾਂ ਦੇ ਸਿੱਖ ਹਨ ? ਜੇ ਹੈਨ ਤਾਂ ਧੰਨ ਭਾਗ । ਨਹੀਂ ਤਾਂ ਐਵੇਂ ਕਿਉਂ ਭੰਬਲ ਭੂਸਿਆਂ ਵਿਚ ਪੈ ਕੇ ਆਪ ਖਜਲ ਖੁਆਰ ਹੋ ਰਹੇ ਹਨ ਅਤੇ ਹੋਰਨਾਂ ਨੂੰ ਕੁਰਾਹੇ ਪਾਉਣ ਦਾ ਯਤਨ ਕਰ ਰਹੇ ਹਨ ?

**ਰਹਿਤ ਕੀ ਹੈ ?**

**ਸੰਜਮ ਨਾਲ ਜੀਵਨ ਜੀਉਣ ਨੂੰ ਸਿੱਖ ਧਰਮ**

www.AKJ.Org

*ਕੇਸ ਸਰੀਰ ਦਾ ਅੰਗ ਅਤੇ ਗੁਰੂ ਕੀ ਮੋਹਰ ਹਨ, ਪਰ ਪੰਜੇ ਕਕਾਰ ਬਾਹਰੋਂ ਧਾਰਨ ਕਰਾਏ ਜਾਂਦੇ ਹਨ । ਪੰਜਵਾਂ ਕਕਾਰ ਕੇਸਕੀ ਹੈ ।

ਵਿਚ ਰਹਿਤ ਵਿਚ ਰਹਿਣਾ ਕਿਹਾ ਗਿਆ ਹੈ। ਸੰਜਮ ਦਾ ਮਤਲਬ ਹੈ ਕਿਸੇ ਹਿਸਾਬ ਵਿਚ ਰਹਿਣਾ ਜਾਂ ਕਿਸੇ ਹਦ ਵਿਚ ਰਹਿਣਾ। ਹਿਸਾਬ ਜਾਂ ਹਦ ਆਪਣੇ ਮਤਲਬ ਦੀ ਨਹੀਂ, ਸਗੋਂ ਉਸ ਹਦ ਜਾਂ ਉਸ ਸੰਜਮ ਵਿਚ ਰਹਿਣਾ ਹੈ ਜਾਂ ਉਸ ਰਹਿਤ ਵਿਚ ਰਹਿਣਾ ਹੈ ਜੋ ਗੁਰੂ ਸਾਹਿਬ ਨੇ ਸਾਨੂੰ ਦਸੀ ਹੈ ਅਤੇ ਜਿਸ ਨਾਲ ਅਸੀਂ ਆਪ ਵੀ ਸੁਖੀ ਰਹਿ ਸਕਦੇ ਹਾਂ ਅਤੇ ਸਾਡਾ ਆਲਾ ਦੁਆਲਾ ਵੀ ਸੁਖੀ ਹੋ ਸਕਦਾ ਹੈ। ਇਹ ਰਹਿਤ ਗੁਰੂ ਸਾਹਿਬ ਨੇ ਐਵੇਂ ਹੀ ਨਹੀਂ ਦਸ ਦਿਤੀ ਸਗੋਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਦਸਮੇਸ਼ ਜੀ ਤਕ ੨੩੯ ਸਾਲ ਦੇ ਲੰਮੇ ਤਜਰਬੇ ਦਾ ਨਿਚੋੜ ਹੈ, ਤੱਤ ਹੈ, ਜੋ ਕਿ ਸਾਨੂੰ ਧਾਰਨ ਕਰਨੀ ਚਾਹੀਦੀ ਹੈ।

ਵੈਸੇ ਚੰਗੀਆਂ ਮਾੜੀਆਂ ਗੱਲਾਂ ਦਾ ਸਾਰਾ ਸਾਨੂੰ ਪਤਾ ਹੁੰਦਾ ਹੈ, ਪਰ ਗੁਰਬਾਣੀ ਸਾਹਿਬ ਦੇ ਕਥਨ:—

ਕਬੀਰ ਮਨੁ ਜਾਨੈ ਸਭ ਬਾਤ,ਜਾਨਤ ਹੀ ਅਉਗਨ ਕਰੈ ॥ [ਪੰਨਾ ੧੩੭੬]

ਅਨੁਸਾਰ ਜਦ ਅਸੀਂ ਜਾਣ ਬੁਝ ਕੇ ਗ਼ਲਤ ਕੰਮ ਕਰਨ ਲਗ ਜਾਂਦੇ ਹਾਂ, ਮਨ-ਮਰਜ਼ੀਆਂ ਕਰਨ ਲਗ ਪੈਂਦੇ ਹਾਂ ਤਾਂ ਅੰਤ ਜਿਥੇ ਆਪ ਵੀ ਦੁਖੀ ਹੁੰਦੇ ਹਾਂ ਉਥੇ ਆਪਣੇ ਆਲੇ ਦੁਆਲੇ ਨੂੰ ਵੀ ਦੁਖੀ ਕਰਨ ਦਾ ਕਾਰਨ ਬਣਦੇ ਹਾਂ। ਇਸੇ ਲਈ ਮਹਾਰਾਜ ਨੇ ਸਾਨੂੰ ਰਹਿਤ ਵਿਚ ਰਹਿਣ ਜਾਂ ਸੰਜਮ ਵਿਚ ਰਹਿਣ ਲਈ ਜ਼ੋਰ ਦਿਤਾ ਹੈ ਤੇ ਇਥੋਂ ਤਕ ਕਿਹਾ ਹੈ:—

ਰਹਿਤ ਬਿਨਾ ਨਹਿ ਸਿੰਘ ਕਹਾਵੈ, ਰਹਿਤ ਬਿਨਾ ਦਰ ਚੋਟਾਂ ਖਾਵੈ ॥

ਭਾਵ ਰਹਿਤ ਤੋਂ ਬਗੈਰ ਸਿਖ, ਸਿਖ ਜਾਂ ਸਿੰਘ ਨਹੀਂ ਅਖਵਾ ਸਕਦਾ ਅਤੇ ਰਹਿਤ-ਹੀਨ ਪੁਰਸ਼ ਨੂੰ ਪ੍ਰਭੂ ਦੇ ਦਰ ਤੋਂ ਚੋਟਾਂ ਸਹਾਰਨੀਆਂ ਪੈਂਦੀਆਂ ਹਨ।

ਸੋ ਰਹਿਤ ਦਾ ਮਤਲਬ ਅੰਦਰਲੀ ਤੇ ਬਾਹਰਲੀ ਦੋਵੇਂ ਰਹਿਤਾਂ ਹਨ।

## ਅੰਮ੍ਰਿਤ ਛਕਣਾ ਕੀ ਹੈ ?

ਅੰਮ੍ਰਿਤ ਛਕਣਾ ਕੇਵਲ ਸੰਜਮ ਵਾਲਾ ਜੀਵਨ ਜੀਉਣ ਲਈ ਪ੍ਰਣ ਕਰਨਾ ਹੈ—ਬਸ।

ਅਸੀਂ ਆਪਣੇ ਆਪ ਠਾਲ ਕੀਤੇ ਪ੍ਰਣ ਬਹੁਤ ਵਾਰੀ ਤੋੜ ਦਿੰਦੇ ਹਾਂ, ਇਸ ਲਈ ਆਪਣੇ ਗੁਰੂ, ਸ੍ਰੀ ਗੁਰੂ ਗਰੰਥ ਸਾਹਿਬ ਅਤੇ ਗੁਰੂ ਰੂਪ ਪੰਜਾਂ ਪਿਆਰਿਆਂ ਦੇ ਸਾਹਮਣੇ ਪ੍ਰਣ ਕਰਦੇ ਹਾਂ ਕਿ ਅਗੇ ਤੋਂ ਇਹ ਪੰਜ ਚੰਗੀਆਂ ਗੱਲਾਂ ਧਾਰਨ ਕਰਾਂਗੇ ਤੇ ਇਹ ਚਾਰ ਮਾੜੀਆਂ ਗੱਲਾਂ (ਕੁਰਹਿਤਾਂ) ਨਹੀਂ ਕਰਾਂਗੇ, ਭਾਵ ਸੰਜਮ ਵਿਚ ਰਹਾਂਗੇ। ਯਾਦ ਰਹੇ ਕਿਸੇ ਮਹਾਨ ਆਤਮਾ ਜਾਂ ਮਹਾਨ ਵਿਅਕਤੀ ਅਗੇ ਕੀਤਾ ਪ੍ਰਣ ਤੋੜ ਨਿਭਾਉਣ ਵਿਚ ਮਦਦਗਾਰ ਸਾਬਤ ਹੁੰਦਾ ਹੈ।

ਅਸਲ ਵਿਚ ਅੰਮ੍ਰਿਤ 'ਨਾਮ' ਹੈ, ਜੋ ਕਿ ਸਾਡੇ ਸਭ ਦੇ ਅੰਦਰ ਹੈ। ਪਰ ਸਾਡੇ ਜੀਵਨ ਵਿਚ ਨਹੀਂ ਦਿਸਦਾ ਜਾਂ ਸਾਡੀ ਰਹਿਣੀ ਬਹਿਣੀ ਵਿਚ ਪ੍ਰਗਟ ਹੁੰਦਾ ਨਹੀਂ ਦਿਸਦਾ। ਉਸ ਨੂੰ ਪਰਗਟ ਕਰਨ ਲਈ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਿਆ ਜਾਂਦਾ ਹੈ, ਜਿਵੇਂ:—

ਅਸੀਂ ਕਈ ਵਾਰ ਵੇਖਿਆ ਹੈ ਕਿ ਹੱਥ ਨਾਲ ਗੇੜਨ ਵਾਲੇ ਹੈਂਡ-ਪੰਪ ਦਾ ਪਾਣੀ ਜਦ ਹੇਠਾਂ ਉਤਰ ਜਾਂਦਾ ਹੈ ਤਾਂ ਬਾਹਰੋਂ (ਉਪਰੋਂ) ਪਾਣੀ ਪਾ ਕੇ ਗੇੜਨ ਨਾਲ ਹੇਠੋਂ ਪਾਣੀ ਉਪਰ ਆਉਣ ਲਗ ਪੈਂਦਾ ਹੈ। ਦਰ ਅਸਲ ਹੇਠਾਂ ਖੂਹ ਵਿਚ ਪਾਣੀ ਹੁੰਦਾ ਹੈ, ਪਰ ਨਾਲੀ ਵਿਚ ਨਹੀਂ ਹੁੰਦਾ। ਉਤੋਂ ਪਾਣੀ ਪਾ ਕੇ ਗੇੜਨ ਨਾਲ ਮੁੜ ਪਾਣੀ ਚਲ ਪੈਂਦਾ ਹੈ ਤੇ ਸਾਡੀਆਂ ਸਾਰੀਆਂ ਲੋੜਾਂ ਪੂਰੀਆਂ ਕਰਦਾ ਹੈ।

ਕੁਝ ਇਸੇ ਤਰ੍ਹਾਂ ਸਾਡੇ ਸਭ ਦੇ ਅੰਦਰ ਨਾਮ ਰੂਪੀ ਅੰਮ੍ਰਿਤ ਦਾ ਖੂਹ ਤਾਂ ਹੈ ਪਰ ਸਾਡੀਆਂ ਸਵਾਸ ਰੂਪੀ ਨਾਲਾਂ ਖੁਸ਼ਕ ਹੋ ਗਈਆਂ ਹਨ। ਸਾਡਾ ਜੀਵਨ ਸ਼ੰਜਮ ਵਾਲਾ ਨਾ ਹੋਣ ਕਰਕੇ, ਸਾਡੀ ਰਹਿਣੀ ਬਹਿਣੀ ਠੀਕ ਨਹੀਂ ਰਹੀ। ਅਸੀਂ ਰਹਿਤ ਵਾਲੇ ਨਹੀਂ ਰਹੇ। ਇਸ ਲਈ ਜ਼ਰੂਰੀ ਹੈ ਕਿ (ਨਲਕੇ ਵਿਚ ਬਾਹਰੋਂ ਪਾਣੀ ਪਾਉਣ ਵਾਂਗ) ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਿਆ ਜਾਏ। ਅੰਮ੍ਰਿਤ ਛਕ ਕੇ ਆਪਣੀ ਰਹਿਤ ਵਿਚ (ਸੰਜਮ ਵਿਚ) ਰਹਾਂਗੇ ਤਾਂ ਸਾਡਾ ਮਨ ਬੁਰਿਆਈਆਂ ਤੋਂ ਹਟੇਗਾ, ਵਿਕਾਰਾਂ ਵਲੋਂ ਰੁਕੇਗਾ। ਇਸ ਦੇ ਨਾਲ ਨਾਲ ਅਸੀਂ ਜਦ ਰੋਜ਼ ਨਾਮ ਅਤੇ ਬਾਣੀ ਰੂਪੀ ਹਥੀ ਨਾਲ ਸਰੀਰ ਦੇ ਨਲਕੇ ਨੂੰ ਗੇੜਾਂਗੇ ਤਾਂ ਨਾਮ ਰੂਪੀ ਅੰਮ੍ਰਿਤ ਦੇ ਫੁਹਾਰੇ ਛੁਟ ਪੈਣਗੇ। ਜਿਸ ਨਾਲ ਅਸੀਂ ਆਪ ਹੀ ਨਹੀਂ, ਸਗੋਂ ਸਾਡਾ ਆਲਾ

www.AKJ.Org

ਦੁਆਲਾ ਵੀ ਸਰਸ਼ਾਰ ਹੋਏਗਾ । ਇਸ ਲਈ ਅੰਮ੍ਰਿਤ ਛਕਣਾ ਜ਼ਰੂਰੀ ਹੈ ।

'ਗੁਰਬਾਣੀ ਇਸ ਜਗ ਮਹਿ ਚਾਨਣ' ਹੈ, ਦੁੱਧ ਵਿਚ ਘਿਉ ਦੀ ਹੋਂਦ ਵਾਂਗ ਗੁਰਬਾਣੀ ਵਿਚ ਨਾਮ ਰਮਿਆ ਹੋਇਆ ਹੈ । ਗੁਰਬਾਣੀ ਨਾਮ ਵਲ ਪ੍ਰੇਰਦੀ ਹੈ। ਰੋਜ਼ ਪੜ੍ਹਨ ਸੁਣਨ ਨਾਲ ਜਿਥੇ ਸਾਡੀ ਅਗਿਆਨਤਾ ਦਾ ਹਨੇਰਾ ਦੂਰ ਹੋਵੇਗਾ ਉਥੇ ਦੁਨਿਆਵੀ ਮੁਸੀਬਤਾਂ ਪੈਣ ਉਤੇ ਇਹ ਬਾਣੀ ਸਾਡੀ ਅਗਵਾਈ ਕਰਦੀ ਹੈ, ਤੇ ਸ਼ਾਂਤੀ ਦਾ ਮਾਰਗ ਦ੍ਰਿੜ੍ਹਾਉਂਦੀ ਹੈ । ਇਸ ਲਈ ਇਸ ਦਾ ਪੜ੍ਹਨਾ ਸੁਣਨਾ ਜ਼ਰੂਰੀ ਹੈ ।

**ਇਸ ਰਹਿਤ ਜਾਂ ਸੰਜਮ ਦੀ ਸਭ ਨੂੰ ਲੋੜ ਹੈ—**

ਅਗ, ਹਵਾ, ਪਾਣੀ, ਚੰਦ, ਸੂਰਜ ਆਦਿ ਸਭ ਕੁਦਰਤੀ ਚੀਜ਼ਾਂ ਕਿਸੇ ਨ ਕਿਸੇ ਸੰਜਮ ਵਿਚ ਜਾਂ ਕਿਸੇ ਨਿਯਮ ਬਧੀਆਂ ਹੋਈਆਂ ਹੀ ਸਾਰਾ ਕੰਮ ਕਰ ਰਹੀਆਂ ਹਨ । ਅੱਗ ਜਾਂ ਪਾਣੀ ਨਿਯਮ ਨਾਲ ਚਲ ਕੇ ਸਾਡੇ ਹਜ਼ਾਰਾਂ ਕੰਮ ਸੰਵਾਰਦੇ ਹਨ। ਪਰ ਜੇ ਇਹ ਆਪਣਾ ਨਿਯਮ ਛਡ ਦੇਣ ਤਾਂ ਸਾਡੀ ਜਾਨ ਲਈ ਬਿਪਤਾ ਖੜੀ ਕਰ ਦੇਣ । (ਅਗਾਂ ਤੇ ਹੜ ਸਾਡੀ ਬਰਬਾਦੀ ਲਿਆ ਦੇਣ) ਇਸੇ ਤਰ੍ਹਾਂ ਜੇ ਸੂਰਜ ਚੰਦਰਮਾਂ ਆਦਿ ਆਪਣੀ ਚਾਲ ਹੌਲੀ ਕਰ ਦੇਣ ਜਾਂ ਤੇਜ਼ ਚਲ ਪੈਣ ਤਾਂ ਪਰਲੋ ਲਿਆ ਦੇਣ। ਯਾਦ ਰਹੇ ਨਿਯਮ ਅਨੁਸਾਰ ਜਾਂ ਸੰਜਮ ਵਿਚ ਚਲਣ ਨੂੰ ਹੀ ਰਹਿਤ ਵਿਚ ਰਹਿਣਾ ਕਿਹਾ ਗਿਆ ਹੈ ।

ਦੇਖਣਾ ਜਾਂ ਸੁਣਨਾ ਕੋਈ ਮਾੜੀ ਗੱਲ ਤਾਂ ਨਹੀਂ । ਅੱਖਾਂ ਅਤੇ ਕੰਨ ਇਸੇ ਕੰਮ ਲਈ ਲਗਾਏ ਗਏ ਹਨ ਤਾਂ ਜੁ ਕੁਦਰਤ ਦੀਆਂ ਦਿਤੀਆਂ ਦਾਤਾਂ ਦਾ ਆਨੰਦ ਮਾਣੀਏ (ਪਰ ਹਿਸਾਬ ਵਿਚ ਰਹਿ ਕੇ) ।

ਸਾਰੇ ਜਾਣਦੇ ਹਨ ਕਿ ਪਤੰਗੇ ਨੂੰ ਦੇਖਣ ਦਾ ਰਸ (ਸੁਆਦ ਜਾਂ ਸ਼ੌਕ) ਇਤਨਾ ਜ਼ਿਆਦਾ ਹੈ ਕਿ ਉਹ ਬਲਦੀ ਹੋਈ ਅੱਗ ਦੀ ਲਾਟ ਵਲ ਅੰਨ੍ਹੇਵਾਹ ਦੌੜਦਾ ਹੈ ਅਤੇ ਸੜ ਕੇ ਹੀ ਚੈਨ ਲੈਂਦਾ ਹੈ । ਹਿਰਨ ਨੂੰ ਕੰਨ-ਰਸ ਇਤਨਾ ਜ਼ਿਆਦਾ ਹੈ ਕਿ ਉਹ ਖ਼ਾਸ ਕਿਸਮ ਦੀ ਅਵਾਜ਼ ਉਤੇ ਮਸਤ ਹੋਇਆ ਹੋਇਆ ਉਸ ਆਵਾਜ਼ ਵਲ ਬਿਨਾਂ ਸੋਚੇ ਸਮਝੇ ਅੰਨੇਵਾਹ ਦੌੜਦਾ ਹੋਇਆ ਸ਼ਿਕਾਰੀ ਦੇ ਜਾਲ ਵਿਚ ਜਾ ਫਸਦਾ ਹੈ । ਗੱਲ ਕੀ, ਕਿਸੇ ਸੰਜਮ ਜਾਂ ਨਿਯਮ ਦੀ ਹਦ ਟਪ ਜਾਣ ਵਾਲੇ ਦੀ ਦਸ਼ਾ ਕੁਝ ਇਸੇ ਤਰ੍ਹਾਂ ਹੀ ਹੁੰਦੀ ਹੈ ।

ਇਸੇ ਤਰ੍ਹਾਂ ਨਾ ਖਾਣ ਪੀਣ ਦੀ ਮਨਾਹੀ ਹੈ ਅਤੇ ਨਾ ਹੀ ਪਹਿਰਣ ਦੀ । ਮਹਾਰਾਜ ਨੇ ਸਾਨੂੰ ਛੱਤੀ ਪਰਕਾਰ ਦੇ ਭੋਜਨ ਖਾਣ ਪੀਣ ਲਈ ਹੀ ਦਿਤੇ ਹਨ। ਪਰ ਜੀਭ ਦੇ ਚਸਕੇ ਜਾਂ ਸੁਆਦਾਂ ਦੀ ਜਦੋਂ ਅਸੀਂ ਹਦ ਟਪ ਜਾਂਦੇ ਹਾਂ ਤਾਂ ਅਸੀਂ ਭਖ-ਅਭਖ ਸਭ ਖਾਣ ਲਗ ਜਾਂਦੇ ਹਾਂ। ਅਸੀਂ ਖਾਣ ਵਾਲੀਆਂ ਅਤੇ ਨਾ ਖਾਣ ਵਾਲੀਆਂ ਵਸਤੂਆਂ ਦਾ ਫ਼ਰਕ ਹੀ ਭੁਲ ਜਾਂਦੇ ਹਾਂ। ਕੇਵਲ ਜੀਭ ਦੇ ਚਸਕੇ ਦੇ ਅਧੀਨ ਇਹ ਵੀ ਖਾਓ ਉਹ ਵੀ ਪੀਓ ਦੇ ਵਹਿਣ ਵਿਚ ਐਸੇ ਵਹਿ ਤੁਰਦੇ ਹਾਂ ਜਿਸ ਤਰ੍ਹਾਂ ਮਛੀ ਜੀਭ ਦੇ ਸੁਆਦ ਬਦਲੇ ਸ਼ਿਕਾਰੀ ਦੇ ਕਾਂਟੇ ਨਾਲ ਲਗੇ ਸੁਕੀ ਰੋਟੀ ਦੇ ਟੁਕੜੇ ਨੂੰ ਜਾ ਫੜਦੀ ਹੈ ਤੇ ਉਥੇ ਹੀ ਅੜ ਜਾਂਦੀ ਹੈ । ਫਿਰ ਜਿਸ ਤਰ੍ਹਾਂ ਤੜਫ ਤੜਫ ਕੇ ਮਛੀ ਜਾਨ ਦੇਂਦੀ ਹੈ ਉਹ ਅਸੀਂ ਸਭ ਜਾਣਦੇ ਹਾਂ (ਪਰ ਅਸੀਂ ਆਪਣੇ ਕੁ-ਰਸਾਂ ਅਧੀਨ ਕਰ ਰਹੇ ਕੰਮਾਂ ਦੇ ਨਤੀਜੇ ਬਾਰੇ ਧਿਆਨ ਨਹੀਂ ਦੇਂਦੇ ਕਿ ਸਾਡਾ ਅੰਤ ਹਾਲ ਕੀ ਹੋਏਗਾ)।

ਭਉਰਾ ਫੁਲ ਨੂੰ ਸੁੰਘਣ ਵਿਚ ਇਤਨਾ ਜ਼ਿਆਦਾ ਮਸਤ ਹੋ ਜਾਂਦਾ ਹੈ, ਰਸ (ਸੁਆਦ 'ਚ) ਇਤਨਾ ਗਲਤਾਨ ਹੋ ਜਾਂਦਾ ਹੈ ਕਿ ਜਾਨ ਹੀ ਦੇ ਦੇਂਦਾ ਹੈ ।

ਉਦਾਹਰਨ ਵਜੋਂ ਉਪਰਲੀ ਵਿਆਖਿਆ ਗੁਰਬਾਣੀ ਦੀ ਹੇਠਲੀ ਤੁਕ ਨੂੰ ਸਾਹਮਣੇ ਰਖ ਕੇ ਸੰਖੇਪ ਵਿਚ ਇਸ ਲਈ ਦਿਤੀ ਗਈ ਹੈ ਤਾਂ ਜੁ ਸਪੱਸ਼ਟ ਹੋ ਸਕੇ ਕਿ ਨਿਯਮ ਤੋਂ ਬੇਨਿਯਮ, ਸੰਜਮ ਤੋਂ ਬੇਸੰਜਮ ਜਾਂ ਕਿਸੀ ਹਦ ਨੂੰ ਟਪ ਜਾਣ ਤੇ ਇਹ ਹਾਲ ਹੁੰਦਾ ਹੈ । ਸ਼ਬਦ ਇਸ ਤਰ੍ਹਾਂ ਹੈ:—

ਮ੍ਰਿਗ, ਮੀਨ, ਭ੍ਰਿੰਗ, ਪਤੰਗ, ਕੁੰਚਰ, ਏਕ ਦੋਖ
ਬਿਨਾਸ ॥ ਪੰਚ ਦੋਖ ਅਸਾਧ ਜਾ ਮਹਿ ਤਾ ਕੀ
ਕੇਤਕ ਆਸ ॥ [ਪੰਨਾ ੪੮੬

ਭਾਵ.—ਹਿਰਨ, ਮਛੀ, ਭਉਰਾ, ਹਾਥੀ ਆਦਿ ਇਕ ਇਕ ਔਗਣ ਦੀ ਹਦ ਟਪ ਕੇ ਨਾਸ਼ ਹੋ ਜਾਂਦੇ ਹਨ ਤਾਂ ਮਨੁੱਖ ਜਿਸ ਵਿਚ ਪੰਜੇ ਹੀ ਰੋਗ ਹਨ ਅਤੇ ਜਦ ਇਹ ਪੰਜਾਂ ਹੀ ਰੋਗਾਂ ਦੀ ਹੱਦ ਟੱਪਣ ਦੀ ਗਲਤੀ ਕਰ ਸਕਦਾ ਹੈ ਤੇ ਕਰਦਾ ਵੀ ਹੈ ਤਾਂ ਇਸ ਦੇ ਬਚਣ ਦੀ ਕੀ ਆਸ



www.AKJ.Org

ਹੋ ਸਕਦੀ ਹੈ ?

ਪਸ਼ੂ ਪੰਛੀ ਨੂੰ ਇਕ ਇਕ ਰੋਗ ਹੈ, ਪਰ ਇਸ ਚੌਰਾਸੀ ਲਖ ਜੂਨਾਂ ਦੇ ਸਰਦਾਰ ਨੂੰ ਪੰਜ ਮਹਾਂਬਲੀ ਰੋਗਾਂ ਦਾ ਟਾਕਰਾ ਕਰਨਾ ਪੈਂਦਾ ਹੈ। ਇਹ ਟਾਕਰਾ ਕਿਸੇ ਸੰਜਮ ਵਿਚ, ਕਿਸੇ ਨਿਯਮ ਵਿਚ ਰਹਿ ਕੇ ਜਾਂ ਕਿਸੇ ਰਹਿਤ ਵਿਚ ਰਹਿ ਕੇ ਹੀ ਹੋ ਸਕਦਾ ਹੈ; ਐਵੇਂ ਨਹੀਂ ਹੋ ਸਕਦਾ। ਨਿਰੀ ਚਤਰਾਈ ਸਿਆਣਪ ਦੀ ਕੁਝ ਨਹੀਂ ਵਟੀਦੀ।

ਜੇ ਇਨ੍ਹਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜ ਵਿਕਾਰਾਂ ਤੋਂ ਬਚਣਾ ਸੌਖਾ ਹੁੰਦਾ ਤਾਂ ਮਹਾਰਾਜ ਸਾਨੂੰ ਰਹਿਤ ਵਿਚ ਰਹਿਣ ਲਈ ਇਤਨਾ ਜ਼ੋਰ ਨਾ ਦੇਂਦੇ। ਰਹਿਤਨਾਮੇ ਤਾਂ ਸਪੱਸ਼ਟ ਕਹਿੰਦੇ ਹਨ:—

ਰਹਿਤ ਪਿਆਰੀ ਮੋਹਿ ਕੋ ਸਿਖ ਪਿਆਰਾ ਨਾਹਿ ॥
(ਜਾਂ) ਰਹਿਣੀ ਰਹੈ ਸੋਈ ਸਿਖ ਮੇਰਾ ॥

ਰਹਿਤ ਦਾ ਮਤਲਬ ਸਾਡੀ ਬਾਹਰਲੀ ਅਤੇ ਅੰਦਰਲੀ ਰਹਿਤ ਦੋਵੇਂ ਤਰ੍ਹਾਂ ਦੀ ਰਹਿਤ ਹੈ। ਗੁਰੂ ਕੇ ਸਿਖ ਅਖਵਾਉਣ ਵਾਲਿਆਂ ਨੂੰ ਚਾਹੀਦਾ ਹੈ ਕਿ ਅੰਮ੍ਰਿਤ ਛਕਣ ਅਤੇ ਰਹਿਤ ਵਿਚ ਰਹਿ ਕੇ ਸੰਜਮੀ ਜੀਵਨ ਅਪਣਾਉਣ। ਫ਼ਰਮਾਨ ਹੈ—

ਬੰਦੇ ਸਿ ਜੇ ਪਵਹਿ ਵਿਚਿ ਬੰਦੀ, ਦੇਖਣ ਕਉ ਦੀਦਾਰ ॥

['ਸਿੰਘ ਸਭਾ ਸੰਦੇਸ' ਰੋਪੜ ਤੋਂ ਧੰਨਵਾਦ ਸਹਿਤ

---

# ਸਾਲਾਨਾ ਕੀਰਤਨ ਸਮਾਗਮ ਅੰਬਾਲਾ ਛਾਉਣੀ

ਹਰ ਸਾਲ ਵਾਂਗ ਅੰਬਾਲਾ ਛਾਉਣੀ ਵਿਖੇ ਸਾਲਾਨਾ ਕੀਰਤਨ ਸਮਾਗਮ ੧੩-੮-੭੫ ਤੋਂ ੧੬-੮-੭੫ ਤਕ ਹੋਣਗੇ। ਸਰਬਤ ਸੰਗਤਾਂ ਆਇ ਦੀਦਾਰ ਬਖ਼ਸ਼ੋ ਜੀ ਅਤੇ ਹਰਿ ਜਸ ਦੀਆਂ ਘੁੰਮਰਾਂ ਧਾਓ ਜੀ।

## ਪ੍ਰੋਗਰਾਮ

| | | | |
|---|---|---|---|
| ੧੩-੮-੭੫ ਬੁਧਵਾਰ | ੫ ਤੋਂ ੭ ਸਵੇਰ | ਕੀਰਤਨ ਆਸਾ ਦੀ ਵਾਰ | ਗੁਰਦਵਾਰਾ ਗੋਬਿੰਦ ਨਗਰ, ਅੰਬਾਲਾ ਛਾ: |
| | | ਉਪਰੰਤ ਸ੍ਰੀ ਅਖੰਡ ਪਾਠ ਅਰੰਭ | ,, ,, |
| ੧੫-੮-੭੫ ਸ਼ੁਕਰਵਾਰ | ੫ ਵਜੇ ਸਵੇਰ | ਭੋਗ ਸ੍ਰੀ ਅਖੰਡ ਪਾਠ, | ,, ,, |
| | ੧ ਵਜੇ ਦੁਪਹਿਰ | ਉਪ੍ਰੰਤ ਆਸਾ ਦੀ ਵਾਰ ਤੇ ਅਖੰਡ ਕੀਰਤਨ | ,, ,, |
| | ੭-੩੦ ਤੋਂ ੬-੩੦ ਸ਼ਾਮ | ਸੋਦਰ ਦੀ ਚੌਂਕੀ | ਪੰਜਾਬੀ ਗੁਰਦਵਾਰਾ, ਅੰਬਾਲਾ ਛਾਉਣੀ |
| ੧੬-੮-੭੫ ਸ਼ਨੀਵਾਰ | ੫ ਤੋਂ ੧੨ ਸਵੇਰ | ਆਸਾ ਦੀ ਵਾਰ ਤੇ ਅਖੰਡ ਕੀਰਤਨ, | ਗੁਰੂ ਗ੍ਰੰਥ ਪ੍ਰਕਾਸ਼ ਭਵਨ ਜੀ.ਟੀ. ਰੋਡ, ਸ਼ਾਹਪੁਰ |

**ਰੈਣ ਸਬਾਈ ਤੇ ਅੰਮ੍ਰਿਤ-ਸਿੰਚਾਰ** ੧੬-੮-੭੫ ਨੂੰ ੮ ਵਜੇ ਰਾਤ ਰੈਣ ਸਬਾਈ ਕੀਰਤਨ ਅਰੰਭ ਅਤੇ ਇਸ ਤੋਂ ਪਹਿਲਾਂ ੫ ਵਜੇ ਸ਼ਾਮ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ ਗੁਰਦਵਾਰਾ ਮੰਜੀ ਸਾਹਿਬ ਪਾਤਿਸ਼ਾਹੀ ਛੇਵੀਂ ਅੰਬਾਲਾ ਸ਼ਹਿਰ ਵਿਖੇ ਹੋਵੇਗਾ।

ਨੋਟ:—੧. ਰਿਹਾਇਸ਼ ਤੇ ਲੰਗਰ ਦਾ ਪਰਬੰਧ ਗੁਰਦਵਾਰਾ ਗੋਬਿੰਦ ਨਗਰ, ਅੰਬਾਲਾ ਛਾਉਣੀ ਵਿਖੇ ਹੋਵੇਗਾ।
੨. ਲੋੜ ਅਨੁਸਾਰ ਬਿਸਤਰੇ ਨਾਲ ਲਿਆਵੋ ਜੀ।

ਪੁਛ ਗਿਛ—ਭਾਈ ਇੰਦਰ ਸਿੰਘ ਜੀ
ਨੰਬਰ ੧, ਗੋਬਿੰਦ ਨਗਰ, ਅੰਬਾਲਾ ਛਾਉਣੀ

ਦਾਸਰੇ—ਨਿਰਬਾਣ ਕੀਰਤਨੀ ਜੱਥਾ, ਅੰਬਾਲਾ



www.AKJ.Org

# ਮਾਤਾ ਚੰਦੋ ਰਾਣੀ

[ ਵਲੋਂ—ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ ੩੧ ]

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਿਲ, ਮਾਤਾ ਸੁਲੱਖਣੀ ਜੀ ਦੀ ਮਾਤਾ ਚੰਦੋ ਰਾਣੀ ਜੀ ਸਨ। ਉਨ੍ਹਾਂ ਦੇ ਪਤੀ ਬਾਬਾ ਮੂਲ ਚੰਦ ਜੀ ਚੋਣੇ ਖਤਰੀ ਸਨ।

ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਦੇ ਮਾਤਾ ਪਿਤਾ ਨੇ ਆਪਣੇ ਪੁੱਤਰ ਨੂੰ ਕੋਈ ਇਲਾਹੀ ਹਸਤੀ ਤਸੱਵਰ ਨਹੀਂ ਸੀ ਕੀਤਾ ਅਤੇ ਕਈ ਗੱਲਾਂ ਤੋਂ ਝਿੜਕਦੇ ਰਹਿੰਦੇ ਸਨ, ਉਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਦੇ ਸੱਸ ਸਹੁਰਾ ਵੀ ਆਪਣੇ ਜਵਾਈ ਨੂੰ ਤਾਹਨੇ ਮਿਹਣੇ ਹੀ ਦਿੰਦੇ ਰਹਿੰਦੇ ਸਨ। ਕੋਈ ਚੰਗਾ ਆਦਰ ਨਹੀਂ ਸਨ ਕਰਦੇ। ਉਨ੍ਹਾਂ ਦੇ ਭਾਣੇ ਸਾਡਾ ਜਵਾਈ ਘਰੋਂ ਘਾਟੋਂ ਗਿਆ ਗੁਜ਼ਰਿਆ ਫਕੀਰ ਹੈ।

ਪਰ ਧੰਨ ਉਹ ਮਿਹਰਾਂ ਦੇ ਦਾਤੇ ਗੁਰੂ ਨਾਨਕ ਸਾਹਿਬ ! ਜਿਵੇਂ ਆਪ ਨੇ ਮਾਤਾ ਪਿਤਾ ਦਾ ਸਲੂਕ ਨਾ ਚਿਤਾਰਦੇ ਹੋਏ ਉਹਨਾਂ ਦਾ ਨਿਸਤਾਰਾ ਕੀਤਾ, ਤਿਵੇਂ ਸਸ ਸਹੁਰੇ ਨੂੰ ਵੀ ਵਾਹਿਗੁਰੂ ਦੇ ਰਸਤੇ ਲਾਉਣਾ ਜ਼ਰੂਰੀ ਸਮਝਿਆ। ਆਪ ਚਾਹੁੰਦੇ ਸਨ ਕਿ ਸੱਸ ਸਹੁਰਾ ਜੋ ਅੰਧੇਰੇ ਵਿਚ ਭਟਕ ਰਹੇ ਹਨ, ਉਹ ਵੀ ਨਾਮ ਜਪ ਕੇ ਗੁਰਮੁਖ ਬਣ ਜਾਣ। ਇਹੋ ਹੀ ਤਾਂ ਗੁਰੂ ਸਾਹਿਬ ਦਾ ਇਕ ਮਹਾਨ ਗੁਣ ਸੀ, ਜਿਵੇਂ ਚੰਦਨ ਆਪਣੇ ਉਪਰ ਚਲਾਏ ਕੁਹਾੜਿਆਂ ਨੂੰ ਵੀ ਖ਼ੁਸ਼ਬੂ ਬਖਸ਼ਦਾ ਹੈ, ਤਿਵੇਂ ਗੁਰੂ ਸਾਹਿਬ ਵੀ ਆਪਣੇ ਨਾਲ ਵੈਰ ਵਿਰੋਧ ਰਖਣ ਵਾਲਿਆਂ ਦਾ ਭਲਾ ਕਰਦੇ ਸਨ ਅਤੇ ਨਾਮ ਬਾਣੀ ਦਾ ਉਪਦੇਸ਼ ਦੇ ਕੇ ਸਿੱਖੀ ਮਾਰਗ ਤੇ ਤੋਰ ਦਿੰਦੇ ਸਨ।

ਗੁਰੂ ਸਾਹਿਬ ਦੀ ਪਹਿਲੀ ਉਦਾਸੀ ਸਤੰਬਰ ੧੫੦੮ ਈਸਵੀ ਤੋਂ ਸ਼ੁਰੂ ਹੋ ਕੇ ੧੫੧੫ ਈਸਵੀ ਦੇ ਅਖੀਰ ਵਿਚ ਸਮਾਪਤ ਹੁੰਦੀ ਹੈ। ਗੁਰੂ ਸਾਹਿਬ ਵਾਪਸੀ ਤੇ ਸੁਲਤਾਨਪੁਰ ਤੇ ਤਲਵੰਡੀਉਂ ਹੁੰਦੇ ਹੋਏ ਪਖੋ ਕੇ ਰੰਧਾਵੇ ਪਹੁੰਚੇ। ਇਥੇ ਆਪ ਦੇ ਸੱਸ ਸਹੁਰਾ ਰਹਿੰਦੇ ਸਨ ਅਤੇ ਉਨ੍ਹਾਂ ਪਾਸ ਆਪ ਦੀ ਧਰਮ ਪਤਨੀ, ਮਾਤਾ ਸੁਲੱਖਣੀ ਜੀ ਅਤੇ ਬੱਚੇ—ਬਾਬਾ ਸ੍ਰੀ ਚੰਦ ਤੇ ਬਾਬਾ ਲਖਮੀ ਦਾਸ ਜੀ ਦਿਨ-ਕਟੀ ਕਰ ਰਹੇ ਸਨ।

ਗੁਰੂ ਨਾਨਕ ਦੇਵ ਜੀ ਅਜਿੱਤੇ ਰੰਧਾਵੇ ਦੇ ਖੂਹ ਤੇ ਆ ਕੇ ਠਹਿਰੇ। ਅਜਿੱਤੇ ਨੇ ਆਪ ਜੀ ਦਾ ਨਾਂ ਤਾਂ ਸੁਣਿਆ ਹੋਇਆ ਸੀ, ਪਰ ਹੁਣ ਦਰਸ਼ਨ ਕਰ ਕੇ ਗਦ ਗਦ ਹੋ ਗਿਆ। ਸਾਰੇ ਪਿੰਡ ਵਿਚ ਖ਼ਬਰ ਹੋ ਗਈ ਅਤੇ ਹੋਰ ਲੋਕੀ ਵੀ ਦਰਸ਼ਨਾਂ ਨੂੰ ਆ ਢੁਕੇ। ਬਾਬਾ ਮੂਲ ਚੰਦ ਦੇ ਵੀ ਘਰ ਖਬਰ ਪੁਜੀ। ਸੁਣਦੇ ਸਾਰ ਮਾਤਾ ਸੁਲੱਖਣੀ ਜੀ ਬੱਚਿਆਂ ਸਮੇਤ ਅਤੇ ਗੁਰੂ ਸਾਹਿਬ ਦੇ ਸਸ ਸਹੁਰਾ ਵੀ ਆਣ ਮਿਲੇ ਅਤੇ ਉਨ੍ਹਾਂ ਨੂੰ ਆਪਣੇ ਘਰ ਲੈ ਗਏ। ਸਵਾ ਅਠ ਸਾਲ ਦੇ ਵਿਛੋੜੇ ਦੇ ਪਿਛੋਂ ਸਸ ਸਹੁਰੇ ਤੇ ਪਰਵਾਰ ਦਾ ਇਹ ਮਿਲਾਪ ਆਕਰਖਣੀ ਸਾਬਤ ਹੋਇਆ।

ਸਤਿਗੁਰੂ ਕੁਝ ਸਮਾਂ ਪਖੋ ਕੇ ਰੰਧਾਵੇ ਠਹਿਰੇ ਅਤੇ ਇਥੇ ਨਾਮ ਬਾਣੀ ਦੇ ਪਰਵਾਰ ਚਲਦੇ ਰਹੇ; ਮਿਹਰ-ਦ੍ਰਿਸ਼ਟੀਆਂ ਹੁੰਦੀਆਂ ਰਹੀਆਂ ਤੇ ਅਧਿਕਾਰੀ ਜਨ ਵਰੋਸਾਂਦੇ ਰਹੇ। ਇਥੇ ਸਭ ਤੋਂ ਵਧ ਮਿਹਰਾਂ ਅਜਿੱਤੇ ਰੰਧਾਵੇ ਤੇ ਹੋਈਆਂ। ਉਹ ਗੁਰੂ-ਚਰਨਾਂ ਦਾ ਭੌਰਾ ਬਣ ਗਿਆ। ਇਥੇ ਗੁਰੂ ਪਾਤਸ਼ਾਹ ਨੇ ਅਜਿੱਤੇ ਕੋਲ ਰਾਵੀ ਦੇ ਕੰਢੇ ਇਕ ਨਗਰ ਵਸਾਉਣ ਦਾ ਖ਼ਿਆਲ ਪਰਗਟ ਕੀਤਾ। ਅਜਿੱਤਾ ਬਹੁਤ ਪ੍ਰਸੰਨ ਹੋਇਆ। ਉਸ ਨੇ ਇਸ ਕਾਰਜ ਲਈ ਆਪਣੀ ਜ਼ਮੀਨ ਅਰਪਣ ਕਰ ਦਿਤੀ। ਸਤਿਗੁਰਾਂ ਉਥੇ ੧੫੧੬ ਈਸਵੀ ਨੂੰ ਮੋੜੀ ਗਡ ਦਿਤੀ ਅਤੇ ਨਗਰ ਵਸਣਾ ਸ਼ੁਰੂ ਹੋ ਗਿਆ। ਇਸ ਨਗਰ ਦਾ ਨਾਂ ਸਤਿਗੁਰਾਂ ਨੇ ਕਰਤਾਰਪੁਰ ਰਖਿਆ। ਆਪ ਇਥੇ ਹੀ ਟਿਕ ਗਏ।

ਸਭ ਤੋਂ ਪਹਿਲਾਂ ਮਾਤਾ ਸੁਲੱਖਣੀ ਜੀ ਬੱਚਿਆਂ ਸਮੇਤ ਆਪ ਦੇ ਚਰਨਾਂ ਵਿਚ ਆਏ ਅਤੇ ਉਥੇ ਰਹਿਣ ਦਾ ਅਵਸਰ ਪ੍ਰਾਪਤ ਕੀਤਾ। ਫਿਰ ਬਾਬਾ ਮੂਲ ਚੰਦ ਅਤੇ ਮਾਤਾ ਚੰਦੋ ਰਾਣੀ ਦਾ ਮਨ ਵੀ ਪਿਘਲਿਆ। ਸਮਝੋ, ਪੂਰਬਲੇ ਕਰਮ ਜਾਗ ਪਏ। ਉਹ ਸੋਚੀਂ ਪੈ ਗਏ। ਅੱਜ ਸਾਡੀ ਧੀ ਅਤੇ ਦੋਹਤੇ ਵੀ ਚਲੇ ਗਏ। ਅਸੀਂ ਆਪਣੇ ਜਵਾਈ ਨੂੰ ਕਦੀ ਕੋਈ ਮਹਾਨਤਾ ਨਹੀਂ ਦਿੱਤੀ। ਫਿਰ ਇਹ ਜਗ ਉਸ ਅਗੇ ਮਥੇ ਕਿਉਂ ਟੇਕ ਰਿਹਾ ਹੈ ? ਕੀ



www.AKJ.Org

ਜਗ ਕਮਲਾ ਹੈ ਜਾਂ ਅਸੀਂ ਕਮਲੇ ਹਾਂ ? ਵਡੇ ਵਡੇ ਪੰਡਤ ਤੇ ਮੁਲਾਂ ਉਸ ਨੂੰ ਨਮਸ਼ਕਾਰਾਂ ਕਰਦੇ ਹਨ। ਸਾਡੇ ਪਿੰਡ ਦਾ ਚੋਧਰੀ, ਅਜਿਤਾ ਰੰਧਾਵਾ ਵੀ ਉਸ ਦਾ ਹੀ ਹੋ ਗਿਆ ਹੈ। ਕੀ ਅਸੀਂ ਭੁਲੇਖੇ ਵਿਚ ਤਾਂ ਨਹੀਂ ਪਏ ਹੋਏ ? ਕੀ ਉਹ ਕੋਈ ਬਹੁਤ ਵੱਡੀ ਹਸਤੀ ਹੈ ? ਜੇ ਇਹ ਸੱਚ ਹੈ ਤਾਂ ਅਸੀਂ ਬਖ਼ਸ਼ੇ ਕਿਵੇਂ ਜਾਵਾਂਗੇ ? ਸਾਡਾ ਪਾਰ-ਉਤਾਰਾ ਕਿਵੇਂ ਹੋਵੇਗਾ ?

ਇਹ ਸਨ ਉਨ੍ਹਾਂ ਦੋਹਾਂ ਦੇ ਮਨ ਦੇ ਵਲਵਲੇ, ਜੋ ਅਥਰੂ ਬਣ ਕੇ ਵਹਿ ਰਹੇ ਸਨ। ਹੁਣ ਉਹ ਧਾ ਕੇ ਆਏ ਅਤੇ ਗੁਰੂ ਸਾਹਿਬ ਪਾਸੋਂ ਖਿਮਾ ਮੰਗੀ । ਗੁਰੂ ਸਾਹਿਬ ਮਿਹਰ ਵਿਚ ਆਏ ਅਤੇ ਉਨ੍ਹਾਂ ਦੇ ਪਿਛਲੇ ਕੀਤੇ ਸਾਰੇ ਬੋਲ ਵਿਗਾੜ ਬਖ਼ਸ਼ ਦਿਤੇ।

ਸਦ ਬਖਸਿੰਦੁ ਸਦਾ ਮਿਹਰਵਾਨਾ, ਸਭਨਾ ਦੇਇ ਅਧਾਰੀ ॥ [ਪੰਨਾ ੭੧੭

ਪਿਛਲੇ ਅਉਗਣ ਬਖਸਿ ਲਏ, ਪ੍ਰਭੁ ਆਗੈ ਮਾਰਗਿ ਪਾਵੈ ॥ [ਪੰਨਾ ੬੨੪

ਸਸ ਸਹੁਰੇ ਨੂੰ ਉਪਦੇਸ਼ ਦਿੰਦਿਆਂ ਹੋਇਆਂ ਫੁਰਮਾਇਆ—'ਮੋਹ ਮਾਇਆ ਦਾ ਤਿਆਗ ਕਰ ਕੇ ਨਿਰੰਕਾਰ ਦੀ ਭਗਤੀ ਕਰੋ । ਫਿਰ ਦੇਖੋ ! ਕਿਵੇਂ ਸੁਖ ਹੀ ਸੁਖ ਪ੍ਰਾਪਤ ਹੁੰਦੇ ਹਨ, ਇਹ ਆਤਮਾ ਕਿਵੇਂ ਚੜ੍ਹਦੀਆਂ ਕਲਾਂ ਵਿਚ ਜਾਂਦੀ ਹੈ ? ਨਿਰੰਕਾਰ ਦੀ ਭਗਤੀ ਕਰਨੀ ਸਾਡਾ ਸਭ ਤੋਂ ਪਹਿਲਾ ਅਤੇ ਵੱਡਾ ਫ਼ਰਜ਼ ਹੈ । ਨਿਰੰਕਾਰ ਦੀ ਭਗਤੀ ਕਰਨ ਲਈ ਹੀ ਇਹ ਜਨਮ ਹੋਇਆ ਹੈ। ਜੇ ਇਸ ਗਲੋਂ ਖੁੰਜ ਗਏ ਤਾਂ ਜੰਮ ਦਾ ਡੰਡ ਸਹਿਣਾ ਪਏਗਾ ਅਤੇ ਅਨੇਕਾਂ ਤਸੀਹਿਆਂ ਵਿਚੋਂ ਲੰਘਣਾ ਪਏਗਾ। ਕੇਵਲ ਵਾਹਿਗੁਰੂ ਦਾ ਨਾਮ ਹੀ ਸਾਰੇ ਦੁਖਾਂ ਤੋਂ ਬਚਾ ਸਕਦਾ ਹੈ ਅਤੇ ਇਹ ਨਾਮ ਹੀ ਕਲਿਆਣਕਾਰੀ ਹੈ।

ਨਾਮ ਕਾ ਵਾਪਾਰੁ ਮੀਠਾ, ਭਗਤਿ ਲਾਹਾ ਅਨਦਿਨੋ ॥ ਤਿਸੁ ਬਾਝੁ ਵਖਰੁ ਕੋਇ ਨ ਸੂਝੈ, ਨਾਮੁ ਲੇਵਹੁ ਖਿਨੁ ਖਿਨੋ ॥

[ਗਉੜੀ ਮ: ੧, ਪੰਨਾ ੨੪੩

ਮਾਤਾ ਚੰਦੋ ਰਾਣੀ ਨੂੰ ਉਸ ਸਮੇਂ ਗੁਰੂ ਸਾਹਿਬ ਕਿਹੋ ਜਿਹੇ ਨਜ਼ਰ ਆਏ ? ਇਸ ਬਾਰੇ ਭਾਈ ਵੀਰ ਸਿੰਘ ਦਾ ਕਥਨ ਹੈ ਕਿ ਗੁਰੂ ਨਾਨਕ ਤਾਂ ਰੱਬ ਦੀ ਜੋਤਿ ਹੈ ਤੇ ਉਸ ਦਾ ਜਗਤ ਵਿਚ ਫਿਰਨਾ ਜਗਤ ਨੂੰ ਸੁਖ ਵੰਡਣ ਵਾਸਤੇ ਸੀ, ਜਿਸ ਨਾਲ ਕਿ ਸਾਨੂੰ ਦੋਹਤਿਆਂ ਨੂੰ ਪਾਸ ਰਖ ਕੇ ਸੇਵਾ ਦਾ ਅਵਸਰ ਮਿਲਿਆ ਸੀ, ਜੋ ਅਸਾਂ ਕੋੜੀ ਤਰ੍ਹਾਂ ਨਿਭਾਇਆ, ਪਰ ਧੰਨ ਦਾਤਾ ਹੈ ਜਿਸ ਨੇ ਸਾਡੇ ਅਵਗੁਣ ਨਹੀਂ ਚਿਤਾਰੇ ਤੇ ਆਪਣੀ ਮਿਹਰ ਵਿਚੋਂ ਸਾਨੂੰ ਵਰੋਸਾਇਆ ਸਨ।

(ਗੁਰੂ ਨਾਨਕ ਚਮਤਕਾਰ ਨੰ: ੨, ਪੰਨਾ ੧੧੦)

ਬਾਬਾ ਮੂਲ ਚੰਦ ਅਤੇ ਮਾਤਾ ਚੰਦੋ ਰਾਣੀ ਬਾਰੇ ਗਿਆਨੀ ਈਸ਼ਰ ਸਿੰਘ ਜੀ ਨਾਰਾ ਲਿਖਦੇ ਹਨ ਕਿ ਇਨ੍ਹਾਂ ਦੇ ਮੋਹ ਭਰਮ ਦੇ ਪਰਦੇ ਫਟ ਗਏ। ਇਹ ਆਤਮ-ਦਰਸੀ ਹੋ ਚੁਕੇ ਸਨ। ਬਾਕੀ ਦੇ ਦਿਨ ਨਿਰਮੋਹ ਹੋ ਕੇ ਇਨ੍ਹਾਂ ਨੇ ਸਿਮਰਨ ਕੀਤਾ, ਅਤੇ ਥੋੜੇ ਥੋੜੇ ਦਿਨਾਂ ਦੀ ਵਿੱਥ ਮਗਰੋਂ ਇਹ ਦੋਵੇਂ (ਦੰਪਤੀ) ਪ੍ਰਲੋਕ ਗਮਨ ਕਰ ਗਏ। ਗੁਰੂ ਜੀ ਨੇ ਆਪਣੇ ਹੱਥੀਂ ਉਸੇ ਤਰ੍ਹਾਂ ਅਦਬ ਸਤਿਕਾਰ ਨਾਲ ਇਹਨਾਂ ਦਾ ਦਾਹ ਕਰਮ ਕੀਤਾ ਜਿਵੇਂ ਕਿ ਆਪਣੇ ਮਾਤਾ ਪਿਤਾ ਜੀ ਦਾ ਕੀਤਾ ਸੀ । ਇਉਂ ਬਾਬਾ ਮੂਲ ਚੰਦ ਤੇ ਚੰਦੋ ਰਾਣੀ ਜੀ ਨੇ ਗੁਰੂ ਨਾਨਕ ਜੀ ਦੇ ਸਹੁਰਾ ਤੇ ਸੱਸ ਹੋਣ ਦਾ ਅੰਤਮ ਫਲ ਪ੍ਰਾਪਤ ਕੀਤਾ।

(ਇਤਿਹਾਸ ਬਾਬਾ ਸ੍ਰੀ ਚੰਦ ਜੀ, ਪੰਨਾ ੧੪੮

# ਸ੍ਰੀ ਹੇਮਕੁੰਟ ਜੀ ਦੀ ਪਾਵਨ-ਯਾਤਰਾ

ਭਾਈ ਸਾਹਿਬ ਹਰਚਰਨ ਸਿੰਘ ਜੀ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ੧੯ ਅਗਸਤ ੧੯੭੫ ਨੂੰ ਸਵੇਰੇ ਰਿਖੀਕੇਸ਼ ਤੋਂ ਜੋਸ਼ੀਮਠ, ਗੋਬਿੰਦ ਘਾਟ ਤੇ ਗੋਬਿੰਦ ਧਾਮ ਤੇ ਪੜਾ ਕਰਦੇ ਹੋਏ ੨੨ ਅਗਸਤ ਨੂੰ ਸ੍ਰੀ ਹੇਮਕੁੰਟ ਪੁਜਣਗੇ। ਸਾਰੀ ਯਾਤਰਾ ਕਰਕੇ ਰਸਤੇ ਵਿਚ ਪੜਾ ਕਰ ਦੇ ਵਾਪਸ ੨੮ ਅਗਸਤ ਨੂੰ ਰਿਕੀਕੇਸ਼ ਪੁਜਣਗੇ, ਅੰਦਾਜ਼ਨ ਆਉਣ ਜਾਣ ਦਾ ਖ਼ਰਚ ੧੨੫ ਰੁਪਏ ਹੋਵੇਗਾ। ਜਿਸ ਗੁਰਮੁਖ ਨੇ ਜਾਣਾ ਹੋਵੇ ਪੰਜ ਅਗਸਤ ਤਕ ਖ਼ਰਚਾ ਹੇਠ ਲਿਖੇ ਪਤੇ ਤੇ ਭੇਜ ਦੇਵੇ—

ਭਾਈ ਹਰਚਰਨ ਸਿੰਘ ਜੀ, ੨੨੬, ਸੈਕਟਰ ੨੧-ਏ, ਚੰਡੀਗੜ੍ਹ



www.AKJ.Org

# ਸਿਰ-ਨੰਗ ਨਿਸ਼ੇਧ

[ ਵਲੋਂ—ਸ: ਗੁਰਮੀਤ ਸਿੰਘ ਜੀ, ਡਲਹੌਜ਼ੀ ]

## (ੳ) ਪ੍ਰਾਚੀਨ ਦ੍ਰਿਸ਼ਟੀ:—

ਪ੍ਰਾਚੀਨ ਸਮੇਂ ਸੀਸ ਨੰਗਾ ਰੱਖਣਾ ਦੂਸ਼ਿਤ ਕਰਾਰ ਸੀ। ਕਿਸੇ ਨਾ ਕਿਸੇ ਤਰੀਕੇ ਸੀਸ ਕਜ ਕੇ ਰਖਣਾ ਸੰਸਾਰ ਭਰ ਵਿਚ ਪ੍ਰਾਚੀਨ ਸਮੇਂ ਤੋਂ ਚਲਿਆ ਆਉਂਦਾ ਰਿਹਾ ਹੈ। ਦਸਤਾਰ, ਟੋਪੀ, ਦੁਪੱਟਾ ਜਾਂ ਮੁਕਟ ਆਦਿ ਨਾਲ ਵਖੋ ਵੱਖ ਸਮਿਆਂ ਵਿਚ ਇਸ ਮਰਯਾਦਾ ਦਾ ਪਾਲਣ ਕਰਦੇ ਰਹੇ ਹਨ।

## (ਅ) ਕਾਨੂੰਨਨ ਮਨਾਹੀ:—

ਸਿਰ ਦਾ ਨੰਗਾ ਰਖਣਾ ਨਿਰਾ ਦੂਸ਼ਿਤ ਹੀ ਨਹੀਂ ਬਲਕਿ ਕਿਸੇ ਸਮੇਂ ਭਾਰੀ ਜੁਰਮ ਭੀ ਸਮਝਿਆ ਜਾਂਦਾ ਰਿਹਾ ਹੈ। ਇਤਿਹਾਸ ਵਿਚ ਜ਼ਿਕਰ ਹੈ ਕਿ ਸਰਮੱਧ ਫ਼ਕੀਰ, ਜੋ ਔਰੰਗਜ਼ੇਬ ਦੇ ਸਮੇਂ ਦਾ ਪ੍ਰਸਿਧ ਸਾਈਂ ਮੰਨਿਆ ਗਿਆ ਹੈ, ਇਕ ਸਮੇਂ ਔਰੰਗਜ਼ੇਬ ਦੇ ਸ਼ਾਹੀ ਜਲੂਸ ਸਾਹਮਣੇ ਅਨਭੋਲ ਨੰਗੇ ਸਿਰ ਮਿਲ ਪਿਆ ਤਾਂ ਉਸਨੇ ਅਪਣੀ ਹਕੂਮਤ ਵਿਚ ਲਾਗੂ ਕਾਨੂੰਨ ਅਨੁਸਾਰ ਫ਼ਤਵਾ ਲਗਾ ਕੇ ਸਰਮੱਧ ਨੂੰ ਨੰਗੇ ਸਿਰ ਮਿਲਣ ਦੇ ਦੋਸ਼ ਵਿਚ ਜੇਲ੍ਹ ਵਿਚ ਬੰਦ ਕਰਵਾ ਦਿਤਾ ਸੀ।

## (ੲ) ਭਾਰਤੀ ਪੁਰਾਤਨ ਤੇ ਮੌਜੂਦਾ ਅਨੁਸ਼ਾਸਨ—

ਭਾਰਤ ਤੇ ਕਈ ਹੋਰ ਦੇਸ਼ਾਂ ਵਿਚ ਅਨੁਸ਼ਾਸਨਕ ਤੌਰ ਤੇ ਸਿਰ ਨੰਗਾ ਰੱਖਣ ਦੀ ਇਜਾਜ਼ਤ ਨਹੀਂ। ਭਾਰਤੀ ਫ਼ੌਜ ਤੇ ਮਹਿਕਮਾ-ਪੋਲੀਸ ਵਿੱਚ ਤਾਂ ਹਾਲੀ ਤੀਕ ਭੀ ਸਿਰ ਨੰਗਾ ਰੱਖਣ ਦੀ ਕਾਨੂੰਨਨ ਸਖ਼ਤ ਮਨਾਹੀ ਹੈ। ਡੀਊਟੀ ਸਮੇਂ ਕੋਈ ਸਿਰ ਨੰਗਾ ਨਹੀਂ ਰਖ ਸਕਦਾ। ਪੁਰਾਣੀਆਂ ਸਭ ਰਿਆਸਤਾਂ ਦੇ ਸਭ ਕਰਮਚਾਰੀ ਤੇ ਫ਼ੌਜੀ ਆਦਿ ਸਿਰ ਤੇ ਦਸਤਾਰਾਂ ਸਜਾਉਂਦੇ ਸਨ। ਸਭ ਰਾਜੇ ਮਹਾਰਾਜੇ, ਵਿਦਵਾਨ, ਸਮਾਜਿਕ, ਧਾਰਮਿਕ ਤੇ ਸਿਆਸੀ ਆਗੂ ਮੁਕਟਾਂ, ਦਸਤਾਰਾਂ ਜਾਂ ਟੋਪੀਆਂ ਆਦਿ ਨਾਲ ਸੁਸ਼ੋਭਿਤ ਹੋ ਕੇ ਸਿਰ ਦਾ ਨੰਗੇਜ ਕਜਦੇ ਰਹੇ ਹਨ। ਹੁਣ ਤੀਕ ਭੀ ਰਿਆਸਤਾਂ ਦੀ ਪਰਜਾ ਦੇ ਪੁਰਾਣੇ ਪੁਰਸ਼ ਦਸਤਾਰਾਂ ਸਜਾਉਂਦੇ ਹਨ। ਮੌਜੂਦਾ ਭਾਰਤੀ ਹਕੂਮਤ ਦੀ ਸਰਕਾਰ ਦੀ ਸਿਆਸੀ ਪਾਰਟੀ ਕਾਂਗਰਸ ਦੀ ਸਫ਼ੇਦ ਦਸਤਾਰ ਜਾਂ ਗਾਂਧੀ ਟੋਪੀ ਆਦਿ ਵਰਦੀ ਦਾ ਅੰਗ ਹਨ।

ਬੁਰਕਾ ਜਾਂ ਦੁਪੱਟਾ ਆਦਿ ਨਾਲ ਸਿਰ ਕਜ ਕੇ ਰੱਖਣਾ ਇਸਤ੍ਰੀਆਂ ਲਈ ਸਾਰੇ ਭਾਰਤ ਵਰਸ਼ ਵਿਚ ਹੁਣ ਤੀਕ ਪ੍ਰਚਲਤ ਹੈ। ਚਾਹੇ ਨਵੀਂ ਪਨੀਰੀ ਪਛਮੀ ਅਸਰ ਹੇਠ ਇਸ ਵਲੋਂ ਅਵੇਸਲੀ ਹੋ ਰਹੀ ਹੈ। ਇਹ ਸਭ ਕੁਝ ਸਿੱਧ ਕਰਦਾ ਹੈ ਕਿ ਸਿਰ ਦਾ ਨੰਗੇਜ ਜਿਤਨਾ ਦੂਸ਼ਿਤ ਹੈ, ਕਜ ਕੇ ਰਖਣਾ ਉਤਨਾ ਹੀ ਮਹਾਨਤਾ ਦਰਸਾਉਂਦਾ ਹੈ। ਇਥੋਂ ਤਕ ਕਿ ਥੋੜਾ ਸਮਾਂ ਪਹਿਲਾਂ ਕਿਸੇ ਮਹਾਨ ਵਿਅਕਤੀ ਦੇ ਸਵਾਗਤ ਸਮੇਂ ਸਕੂਲਾਂ ਵਿਚ ਸਭ ਬੱਚਿਆਂ ਨੂੰ ਹਦਾਇਤ ਕੀਤੀ ਜਾਂਦੀ ਸੀ ਕਿ ਕੋਈ ਭੀ ਨੰਗੇ ਸਿਰ ਨ ਹੋਵੇ। ਕਿਸੇ ਨੂੰ ਕਿਸੇ ਨੰਗੇ ਸਿਰ ਵਾਲੇ ਦਾ ਮਿਲਣਾ ਕੁਸਗਨ ਸਮਝਿਆ ਜਾਂਦਾ ਸੀ।

## (ਸ) ਸਿੰਘਾਂ ਸਿੰਘਣੀਆਂ ਦਾ ਲਿਬਾਸ:—

ਅੰਮ੍ਰਿਤਧਾਰੀ ਸਿੰਘਾਂ ਦੀਆਂ ਦੋਹਰੀਆਂ ਦਸਤਾਰਾਂ ਭਾਵ ਕੇਸਕੀ (ਛੋਟੀ ਦਸਤਾਰ ਤੇ ਉਪਰ ਵੱਡੀ ਦਸਤਾਰ ਹੁਣ ਤੀਕ ਗੁਰਮੁਖ ਸਰੂਪਾਂ ਦੀ ਝਲਕ ਦਿੰਦੀਆਂ ਹਨ। ਸਿੰਘਣੀਆਂ ਵਿਚ ਸਮੇਂ ਦੀ ਚਾਲ ਦੇ ਪਲਟੇ ਨੇ ਤੇ ਫ਼ੈਸ਼ਨ ਨੇ ਆਪਣਾ ਰੰਗ ਚੜ੍ਹਾ ਕੇ ਤਬਦੀਲੀ ਲੈ ਆਂਦੀ ਹੈ ਤੇ ਉਹ ਕੇਸਕੀ (ਛੋਟੀ ਦਸਤਾਰ) ਜੋ ਦੁਪੱਟੇ ਦੇ ਥਲੇ ਧਾਰਨ ਕਰਦੀਆਂ ਸਨ, ਛੱਡ ਕੇ ਦੁਪੱਟੇ ਨੂੰ ਹੀ ਕਾਫ਼ੀ ਸਮਝਣ ਲਗ ਪਈਆਂ ਹਨ। ਇਹ ਘਾਟ ਇਥੇ ਹੀ ਸਮਾਪਤ ਨਹੀਂ ਹੋ ਗਈ, ਬਲਕਿ ਨਵੀਂ ਫ਼ੈਸ਼ਨ-ਪ੍ਰਸਤੀ ਦੀਆਂ ਕੁਚਾਲਾਂ ਵਿਚ ਧਸੇ ਸਮਾਜ ਦੀ ਸਾਂਝੀਵਾਲਤਾ ਕਰਦੀਆਂ ਹੋਈਆਂ ਦੁਪੱਟੇ ਨੂੰ ਭੀ ਤਿਆਗ ਗਈਆਂ ਹਨ ਤੇ ਹੁਣ ਸਾੜ੍ਹੀਆਂ ਲਾ, ਸਿਰ ਨੰਗੇ ਫਿਰਦੀਆਂ ਹਨ ਤੇ ਦੁਪੱਟੇ ਨੂੰ ਪਾਸ ਰੱਖਣ ਨੂੰ ਭੀ ਫ਼ੈਸ਼ਨ ਦੇ ਉਲਟ ਸਮਝ ਕੇ ਆਪਣੇ ਸਿੰਘਪੁਣੇ ਨੂੰ ਤਲਾਕ ਦਿੰਦੀਆਂ ਜਾ ਰਹੀਆਂ ਹਨ। ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਮਾਝੇ ਮਾਲਵੇ ਆਦਿ ਦੇ ਖ਼ਾਲਸਾ ਸਕੂਲਾਂ ਵਿਚ ਬੱਚੀਆਂ ਦੇ ਸਿਰਾਂ ਤੇ ਕੇਸਕੀ ਤੇ ਦੁਪੱਟਾ ਹੋਣਾ ਅਨੁਸ਼ਾਸਨ ਦਾ ਅੰਗ ਬਣਿਆ ਰਿਹਾ ਹੈ। ਇਲਾਕੇ ਵਿਚ ਸਿੰਘਣੀਆਂ ਕੇਸਕੀਆਂ ਤੇ



www.AKJ.Org

ਦੁਪੱਟੇ ਪਹਿਨਦੀਆਂ ਸਨ । ਇਸ ਗੱਲ ਦੀ ਪੁਸ਼ਟੀ ਪ੍ਰਸਿਧ ਇਤਿਹਾਸਕਾਰ ਮਿਸਟਰ ਕਨਿੰਘਮ ਆਪਣੀ ਲਿਖਤ ਵਿਚ ਕਰਦਾ ਹੈ।ਸਪੱਸ਼ਟ ਹੈ ਕਿ ਖ਼ਾਲਸੇ ਦਾ ਨਿਰਾਲਾਪਣ ਇਸਦੀ ਮਨ ਕਰਮ ਬਚਨ ਦੀ ਰਹਿਤ ਤੋਂ ਇਲਾਵਾ, ਸੂਰਤ ਤੇ ਲਿਬਾਸ ਨਾਲ ਭੀ ਸੰਬੰਧਤ ਹੈ । ਖ਼ਾਲਸਾ ਧਰਮ ਸਮੂਹ ਧਰਮਾਂ ਦੇ ਉੱਤਮ ਗੁਣਾਂ ਦਾ ਮਜਮੂਆ ਹੈ। ਸਿਰ ਦਾ ਨੰਗੇਜ ਪੁਰਾਤਨ ਸਭਿਅਤਾ ਅਨੁਸਾਰ ਕਿਸੇ ਧਰਮ ਵਿਚ ਪਰਵਾਨ ਨਹੀਂ । ਇਸ ਕਰਕੇ ਖਾਲਸਾ ਧਰਮ ਵਿਚ ਸਿਰ ਕਜ ਕੇ ਰੱਖਣ ਦੀ ਮਰਯਾਦਾ ਦਾ ਬਣ ਜਾਣਾ ਸੁਭਾਵਿਕ ਹੀ ਸੀ ਅਤੇ ਜੋ ਸਿਖ ਰਹਿਤ ਦਾ ਅੰਗ ਬਣਾ ਦਿਤੀ ਗਈ।

## (ਹ) ਸਿੰਘ ਰਹਿਣੀ :—

ਸੀਨਾ ਬਸੀਨਾ ਚਲੀ ਆ ਰਹੀ ਤੇ ਦਰਸਾਈ ਜਾ ਰਹੀ ਸਿੰਘ ਰਹਿਣੀ ਅਨੁਸਾਰ ਕਿਸੇ ਸਿੰਘ ਸਿੰਘਣੀ ਨੂੰ ਨੰਗੇ ਸਿਰ ਅੰਮ੍ਰਿਤ ਦੀ ਦਾਤ ਨਹੀਂ ਪ੍ਰਾਪਤ ਹੋ ਸਕਦੀ। ਰਹਿਣੀ ਦਰਸਾਉਂਦੇ ਗੁਰੂ ਰੂਪ ਪੰਜ ਪਿਆਰੇ ਨੰਗੇ ਸਿਰ ਰਹਿਣਾ ਮਨ੍ਹਾ ਕਰਦੇ ਹਨ। ਰਹਿਤਨਾਮੇ ਵਿਚ ਲਿਖਿਆ ਹੈ-

ਨਗਨ ਹੋਇ ਬਾਹਰ ਫਿਰੈ, ਨਗਨ ਸੀਸ ਜੋ ਖਾਇ। ਨਗਨ ਪ੍ਰਸਾਦਿ ਜੋ ਬਾਂਟਈ ਤਨਖਾਹੀ ਬਡੋ ਕਹਾਇ ॥

ਖਾਣ, ਪੀਣ, ਸ਼ੌਚ ਤੇ ਬਾਹਿਰ ਫਿਰਨ ਸਮੇਂ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜਾਣ ਸਮੇਂ, ਪਾਠ ਕਰਨ ਸਮੇਂ, ਭਾਵ ਹਰਿ ਸਮੇਂ ਹੀ ਸਿੰਘ ਸਿੰਘਣੀ ਲਈ ਸਿਰ ਕਜ ਕੇ ਰਖਣ ਦਾ ਹੁਕਮ ਕੀਤਾ ਜਾਂਦਾ ਹੈ । "ਸਾਖੀ ਪ੍ਰਮਾਣ" ਪੁਸਤਕ ਵਿਚ ਗੁਰਸਿਖ ਰਹਿਣੀ ਬਾਰੇ ਕਥਨ ਹੈ:—

ਸੁੱਚ ਜੂਠ ਦਾ ਧਿਆਨ ਰਖੇ ਨਿਤ, ਸੰਝ ਸਵੇਰ ਨ ਸੋਵੇ। ਕੇਸਾਂ ਦਾ ਕਰ ਜੂੜਾ ਰਖੇ, ਨ ਖਿਲਾਰ ਵਿਗੋਵੇ। ਵੰਡ ਖਾਏ ਸੋ ਸਿੱਖ ਪਿਆਰਾ, ਕੱਲਾ ਮੂਲ ਨ ਖਾਵੇ । ਮੈਥਨ, ਸੌਣ, ਅਹਾਰ ਸਮੇਂ, ਨਹੀਂ ਨੰਗੇ ਕੇਸ ਵਿਖਾਵੇ।

ਰਹਿਤਨਾਮਾ ਭਾਈ ਨੰਦ ਲਾਲ ਜੀ:—

"ਕੰਘਾ ਦੋਨੋਂ ਵਕਤ ਕਰ, ਪਾਗ ਚੁਨੈ ਕਰ ਬਾਂਧਈ ॥" ਇਹ ਵਿਲਖਣਤਾ ਦੀ ਗੱਲ ਹੈ ਕਿ ਗੁਰਮਤਿ ਅਨੁਸਾਰ ਸਿੰਘ ਤੇ ਸਿੰਘਣੀ ਦਾ ਬਰਾਬਰ ਦਾ ਦਰਜਾ ਹੈ । ਜੋ ਹੱਕ ਸਿੰਘ ਲਈ ਉਹੀ ਸਿੰਘਣੀ ਲਈ, ਗੁਰੂ ਸਾਹਿਬ ਦੀਆਂ ਜੋ ਬਖਸ਼ਸ਼ਾਂ ਸਿੰਘਾਂ ਲਈ ਹਨ, ਉਹੀ ਸਿੰਘਣੀਆਂ ਲਈ। ਜੋ ਰਹਿਤ ਮਰਯਾਦਾ ਸਿੰਘਾਂ ਲਈ ਹੈ ਉਹੀ ਸਿੰਘਣੀਆਂ ਲਈ । ਤਾਂ ਤੇ ਰਹਿਤਨਾਮੇ ਦਾ ਇਹ ਵਰਨਣ "ਕੰਘਾ ਦੋਨੋ ਵਕਤ ਕਰ ਪਾਗ ਚੁਨੈ ਕਰ ਬਾਂਧਈ" ਸਿੰਘਾਂ ਤੇ ਸਿੰਘਣੀਆਂ ਤੇ ਬਰਾਬਰ ਲਾਗੂ ਹੈ, ਕਿਉਂਕਿ ਸਿੰਘਣੀਆਂ ਲਈ ਵਖਰੀ ਰਹਿਤ ਮਰਯਾਦਾ ਕਿਤੇ ਨਹੀਂ ਰਚੀ ਗਈ। ਸੋ ਅਵੱਸ਼ ਹੋਇਆ ਕਿ ਸਿੰਘਣੀਆਂ ਭੀ ਦੋਨੋਂ ਸਮੇਂ ਕੰਘਾ ਕਰਕੇ, ਚੁਣ ਚੁਣਕੇ ਭਾਵ ਨਵੇਂ ਸਿਰਿਓਂ ਦਸਤਾਰ ਸਜਾਉਣ। ਇਸ ਪ੍ਰਕਾਰ ਸਿੰਘਣੀਆਂ ਲਈ ਦਸਤਾਰ ਸਜਾਈ ਜਾਣ ਦਾ ਪ੍ਰਪੱਕ ਸਬੂਤ ਹੋਇਆ।

## (ਕ) ਨਿਰਾਲਾਪਣ—

"ਜਬ ਲਗ ਖਾਲਸਾ ਰਹੈ ਨਿਆਰਾ।
ਤਬ ਲਗ ਤੇਜ ਦੀਉ ਮੈਂ ਸਾਰਾ।
ਜਬ ਇਹ ਗਹੈ ਬਿਪਰਨ ਕੀ ਰੀਤ।
ਮੈਂ ਨ ਕਰੋਂ ਇਨ ਕੀ ਪ੍ਰਤੀਤ"।

ਜਦੋਂ ਤਕ ਖ਼ਾਲਸਾ ਗੁਰ-ਹੁਕਮਾਂ ਦੀ ਪਾਲਣਾ ਕਰਦਾ ਹੈ ਤਦ ਤਕ ਹੀ ਉਹ ਖਾਲਸਾ ਹੈ । ਅਤੇ ਅਵੱਸ਼ ਹੈ ਕਿ ਉਹ ਕਲਜੁਗ ਦੇ ਅਸਰ ਨਾਲ ਤੇਜ਼ ਰਫ਼ਤਾਰ ਵਿਚ ਬਦਲਦੀ ਜਾ ਰਹੀ ਸੰਸਾਰੀ ਸਭਿਅਤਾ ਤੋਂ ਨਿਰਾਲਾ ਭੀ ਰਹੇਗਾ । ਕਿਉਂਕਿ ਦੁਨੀਆ ਭਾਵੇਂ ਬੇਪਰਵਾਹੀ ਨਾਲ ਬਦਲਦੀ ਜਾਵੇ ਪਰ ਖਾਲਸੇ ਨੂੰ ਆਪਣੇ ਮਾਲਕ ਸਤਿਗੁਰੂ ਦੀ ਪ੍ਰਵਾਹ ਹੈ ਤੇ ਭੈ ਭਾਵਨੀ ਹੈ ਜਿਸ ਕਰਕੇ ਉਹ ਉਨ੍ਹਾਂ ਹੁਕਮਾਂ ਦੀ ਸਦਾ ਪਾਲਣਾ ਕਰਦਾ ਹੋਇਆ ਅਟੱਲ ਅਵਸਥਾ ਵਿਚ ਰਹੇਗਾ । ਉਪਰਲੇ ਕਥਨ ਅਨੁਸਾਰ ਖ਼ਾਲਸਾ ਜਦੋਂ ਤਕ ਨਿਆਰਾ ਭਾਵ ਖਾਲਸ ਹੋ ਕੇ ਰਹਿੰਦਾ ਹੈ ਤਦ ਤਕ ਗੁਰੂ ਕੀਆਂ ਖੁਸ਼ੀਆਂ ਦਾ ਹੱਕਦਾਰ ਹੈ । ਨਿਰਾਲਾਪਣ ਦਾ ਸੰਬੰਧ ਜਿਥੇ ਮਨ ਕਰਮ ਬਚਨ ਦੀ ਰਹਿਣੀ ਨਾਲ ਹੈ ਉਥੇ ਬਾਹਰਲੀ ਸੀਨਾ ਬਸੀਨਾ ਚਲੀ ਆ ਰਹੀ ਤੇ ਲਿਖਤੀ ਰਹਿਤ ਨਾਲ ਭੀ ਹੈ। ਕਿਉਂਕਿ ਇਹ ਰਾਜ-ਜੋਗੀਆਂ ਦਾ ਖ਼ਾਲਸਾ ਧਰਮ ਕਰਣੀ ਤੇ ਰਹਿਣੀ ਬਹਿਣੀ ਵਿਚ ਹਰਿ ਪ੍ਰਕਾਰ ਸੰਸਾਰ ਨਾਲੋਂ ਨਿਰਾਲਾ ਹੈ। ਨਿਰਾਲਾ ਹੋਣਾ ਅਵੱਸ਼ ਭੀ ਹੈ ਕਿਉਂਕਿ ਦੁਨੀਆ ਨੇ ਬਦਲਣਾ ਹੋਇਆ, ਪਰ ਇਸਦੀ ਅਵਸਥਾ ਅਟੱਲ ਰਹਿਣੀ



www.AKJ.Org

ਹੋਈ। ਜਿਸ ਰਹਿਣੀ ਵਲ ਗੁਰੂ ਸਾਹਿਬਾਨ ਦਾ ਕੋਈ ਇਸ਼ਾਰਾ ਹੈ, ਅਵੱਸ਼ ਹੈ ਕਿ ਉਸਦਾ ਸੰਬੰਧ ਰੂਹਾਨੀਅਤ ਅਥਵਾ ਮਾਨਸਿਕ ਅਵਸਥਾ ਨਾਲ ਡੂੰਘਾ ਭੀ ਹੋਵੇ। ਸੋ ਦੁਨੀਆ ਕਰੇ ਨ ਕਰੇ, ਪਰ ਖਾਲਸਾ ਧਰਮ ਗੁਰ ਹੁਕਮਾਂ ਦਾ ਪਾਲਕ ਹੁੰਦਾ ਹੋਇਆ ਆਪਣੇ ਆਪ ਨੂੰ ਮਨ ਬਚਨ ਕਰਮ ਦੀ ਕਿਰਿਆ ਦੇ ਨਾਲ ਆਪਣੇ ਸਰੂਪ ਨੂੰ ਭੀ ਨਿਰਾਲਾ, ਕਾਇਮ ਦਾਇਮ ਰਖਕੇ, ਗੌਰਵ ਪ੍ਰਤੀਤ ਕਰਦਾ ਹੋਇਆ, ਗੁਰੂ ਕੀਆਂ ਖੁਸ਼ੀਆਂ ਦਾ ਭਾਗੀ ਬਣਿਆ ਰਹੇਗਾ। ਤਾਂ ਤੇ ਜਗਤ ਦੇ ਲੋਕ—ਪੁਰਸ਼ ਤੇ ਇਸਤਰੀਆਂ— ਭਾਵੇਂ ਮੁਕਟ ਪਹਿਨਣ, ਭਾਵੇਂ ਟੋਪੀਆਂ ਪਾਉਣ, ਭਾਵੇਂ ਹੋਰ ਤਰੀਕਿਆਂ ਨਾਲ ਸਿਰ ਕੱਜਣ ਜਾਂ ਸਿਰੋਂ ਨੰਗੇ ਹੀ ਰਹਿਣ, ਪਰ ਖਾਲਸੇ ਨੂੰ ਉਨ੍ਹਾਂ ਨਾਲ ਕੋਈ ਸਰੋਕਾਰ ਨਹੀਂ। ਇਹ ਆਪਣੀ ਗੁਰੂ ਦੀ ਦਰਸਾਈ ਮਰਯਾਦਾ ਅਨੁਸਾਰ ਸੀਸ ਤੇ ਦਸਤਾਰ ਸਜਾਏਗਾ ਤੇ ਆਪਣਾ ਨਿਰਾਲਾ ਰੂਪ ਅਟੱਲ ਰਖੇਗਾ। ਜੇਕਰ ਇਸ ਰਹਿਤ ਤੋਂ ਸਿੰਘ ਢਿਲਾ ਪੈ ਗਿਆ ਜਾਂ ਇਸ ਨੂੰ ਰਹਿਤ ਪਰਵਾਨਣ ਤੋਂ ਅਵੇਸਲਾ ਹੋ ਗਿਆ ਤਾਂ ਫਿਰ ਦੇਸ਼ਾਂ ਵਿਦੇਸ਼ਾਂ ਵਿਚ ਸਿੰਘ ਕਰਮਚਾਰੀਆਂ ਨੂੰ ਮੁਸ਼ਕਲ ਬਣ ਜਾਵੇਗੀ ਤੇ ਉਨ੍ਹਾਂ ਨੂੰ ਉਥੇ ਪ੍ਰਚਲਤ ਵਰਦੀਆਂ (ਯੂਨੀਫਾਰਮਾਂ) ਅਨੁਸਾਰ ਟੋਪੀਆਂ ਭੀ ਪ੍ਰਵਾਨਣੀਆਂ ਪੈਣਗੀਆਂ। ਜੇਕਰ ਸਿੰਘ ਟੋਪੀ ਪ੍ਰਵਾਨਣ ਲਈ ਤਿਆਰ ਨਹੀਂ ਤਾਂ ਸਿੰਘਣੀ ਕਿਵੇਂ ਟੋਪੀ ਪ੍ਰਵਾਨ ਸਕੇਗੀ ? ਪਰ ਉਹ ਤਦ ਹੀ ਇਨਕਾਰੀ ਹੋ ਸਕਦੀ ਹੈ ਜੇਕਰ ਕਹਿ ਸਕੇ ਕਿ ਸਿੱਖ ਰਹਿਣੀ ਅਨੁਸਾਰ ਦਸਤਾਰ ਦਾ ਤਿਆਗ ਨਹੀਂ ਕੀਤਾ ਜਾਂ ਸਕਦਾ। ਜੇਕਰ ਉਸਦੇ ਆਪਣੇ ਸਿਰ ਤੇ ਦਸਤਾਰ ਹੋਵੇ ਹੀ ਨਾ ਤਾਂ ਕੀ ਉਹ ਧਾਰਮਕ ਰਹਿਣੀ ਦਾ ਸਬੂਤ ਦੇ ਸਕੇਗੀ। ਧਨ ਹਨ ਉਹ ਵਿਦੇਸ਼ੀ ਸਜੇ ਅਮਰੀਕਨ ਸਿੰਘ ਸਿੰਘਣੀਆਂ ਜੋ ਦਸਤਾਰਾਂ ਸਹਿਤ ਸਜ ਕੇ ਰਾਜ ਜੋਗੀਆਂ ਦਾ ਪਰਤੱਖ ਰੂਪ ਬਣ ਰਹੇ ਹਨ ਅਤੇ ਸਚੀ ਗੁਰਮੁਖਤਾਈ ਰਹਿਣੀ ਦਾ ਲਿਬਾਸ ਅਪਣਾ ਕੇ ਖੁਲ੍ਹੇ ਦਾੜ੍ਹਿਆਂ ਸਹਿਤ ਸ਼ਸ਼ੋਭਤ ਹੋ ਰਹੇ ਹਨ। ਉਹ ਪੁਰਾਤਨ ਗੁਰਸਿਖ ਮਰਜਾਦਾ ਨੂੰ ਅਪਣਾ ਕੇ ਭਾਰਤੀ ਸਿਖ ਅਖਾਉਣ ਵਾਲਿਆਂ ਨੂੰ ਸ਼ਰਮਿੰਦਾ ਕਰ ਰਹੇ ਹਨ। ਸਾਨੂੰ ਸਿੱਖੀ ਦੇ ਮੁਦੱਈਆਂ ਨੂੰ ਉਨ੍ਹਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।

---

## ਪਿੰਡ ਮੂਸਾਪੁਰ ਵਿਖੇ ਕੀਰਤਨ ਰੈਣ-ਸਬਾਈ

ਭਾਈ ਸਾਹਿਬ ਸੰਤੋਖ ਸਿੰਘ ਜੀ ਕਾਕੀ ਪਿੰਡ ਇਤਲਾਹ ਦਿੰਦੇ ਹਨ ਕਿ ਨਵਾਂ ਸ਼ਹਿਰ (ਜਲੰਧਰ) ਦੇ ਲਾਗੇ ਪਿੰਡ ਮੂਸਾਪੁਰ ਵਿਖੇ ਭਾਈ ਰਾਜਿੰਦਰ ਸਿੰਘ ਜੀ ਦੇ ਗ੍ਰਹਿ ਵਿਖੇ ੨੩ ਅਗਸਤ ਸ਼ਨੀਵਾਰ ਸ਼ਾਮ ਨੂੰ ਸੋਦਰ ਦੇ ਪਾਠ ਤੋਂ ਉਪਰੰਤ ਰੈਣ-ਸਬਾਈ ਕੀਰਤਨ ਅਰੰਭ ਹੋਣਗੇ। ਐਤਵਾਰ ਸਵੇਰੇ ੬ ਵਜੇ ਕੀਰਤਨ ਅਤੇ ਸਹਿਜ ਪਾਠ ਦੇ ਭੋਗ ਪੈਣਗੇ। ਲੰਗਰ ਤੋਂ ਉਪਰੰਤ ਗਤਕਈ ਸਿੰਘ ਜਲੂਸ ਦੀ ਸ਼ਕਲ ਵਿਚ ਸਾਰੇ ਪਿੰਡ ਵਿਚ ਆਪਣੇ ਗਤਕੇ ਦੇ ਜੌਹਰ ਦਿਖਾਉਣਗੇ। ਸਮੂੰਹ ਸੰਗਤਾਂ ਆਇ ਦੀਦਾਰ ਬਖ਼ਸ਼ੋ ਜੀ।

## ਮੈਨਪੁਰੀ ਵਿਚ ਸਫਲ ਪ੍ਰੋਗਰਾਮ

ਗੁਰਦਵਾਰਾ ਸ੍ਰੀ ਗੁਰੂ ਨਾਨਕ ਸਿੰਘ ਸਭਾ ਮੈਨਪੁਰੀ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਅਤੁਟ ਕੀਰਤਨ ਹੋਏ ਅਤੇ ੨੮ ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪਰਾਪਤ ਕੀਤੀ। ਮੈਨਪੁਰੀ ਦੀਆਂ ਸੰਗਤਾਂ ਦੂਰੋਂ ਦੂਰੋਂ ਆਏ ਵੀਰਾਂ ਦੇ ਧੰਨਵਾਦੀ ਹਨ ਤੇ ਫਿਰ ਵੀ ਦਰਸ਼ਨ ਦੇਣ ਦੀਆਂ ਜੋਦੜੀਆਂ ਕਰਦੇ ਹਨ।



www.AKJ.Org

# ਗੁਰਮਤਿ ਨਾਮ

[ਵਲੋਂ—ਗਿਆਨੀ ਗੋਪਾਲ ਸਿੰਘ ਜੀ, 'ਮਿੱਤਰ' ਮਾਲਬ (ਗੁੜਗਾਉਂ)]

ਗੁਰਮਤਿ ਥੀਊਰੀ ਨੂੰ ਜਗ ਅੰਦਰ ਜਿਤਨਾ ਮਿਲਿਆ ਏ ਸਤਿਕਾਰ।
ਸ਼ਾਇਦ ਮਾਣ ਕਿਸੇ ਨੂੰ ਇਤਨਾ, ਮਿਲ ਸਕਦਾ ਏ ਵਿਚ ਸੰਸਾਰ।
ਜਗਿਆਸੂ ਨੂੰ ਹਰ ਇਕ ਧਰਮ ਦੁਆਰਾ ਵਖ ਵਖ ਹੀ ਉਪਦੇਸ਼;
ਆਦਿ ਕਾਲ ਤੋਂ ਮਿਲਦਾ ਆਇਐ, ਮੋਖਸ਼-ਪ੍ਰਾਪਤੀ ਲਈ ਹਮੇਸ਼।
ਗੁਰਬਾਣੀ ਦੇ ਅੰਦਰ ਦਸਿਆ ਸਤਿਗੁਰਾਂ ਨੇ ਏਹ ਫ਼ੁਰਮਾਨ—
ਮੁਕਤਿ ਪ੍ਰਾਪਤ ਕਰਨ ਲਈ ਸੀ 'ਸਤਜੁਗ' ਅੰਦਰ 'ਸਤੁ' ਪਰਧਾਨ।*
'ਤ੍ਰੇਤਾ' ਅੰਦਰ ਸਤੁ ਦੀ ਥਾਂ ਤੇ ਹੋਏ ਪ੍ਰਚਲਤ 'ਹੋਮ' ਤੇ 'ਜਗੁ'।
'ਦੁਆਪੁਰ' ਅੰਦਰ ਦੇਵਤਿਆਂ ਦੀ ਪੂਜਾ ਬਣ ਗਈ ਮੁਕਤੀ-ਮੱਗੁ।
'ਕਲਜੁਗ' ਅੰਦਰ ਆ ਕੇ ਛਾਇਆ, ਕੂੜ ਕੁਸਤਿ ਦਾ ਘੋਰ ਗੁਬਾਰ।
ਸਤਗੁਰ ਨਾਨਕ ਜੀ ਫ਼ੁਰਮਾਇਆ, ਕਲਜੁਗ ਕੇਵਲ ਨਾਮ-ਆਧਾਰ।
ਦੇਸ ਦਿਸੰਤਰ ਫਿਰ ਫਿਰ ਬਾਬੇ, ਘਰ ਘਰ ਫੇਰੀ ਨਾਮ-ਦੁਹਾਈ।
ਨਾਮ ਉਪਦੇਸ਼ ਦ੍ਰਿੜ੍ਹਾ ਕੇ ਔਝੜ ਜਾਂਦੀ ਦੁਨੀਆ ਰਾਹੇ ਪਾਈ।
ਨਾਮ ਦੁਆਰਾ ਸੁਰਤਾਂ ਸੁਤੀਆਂ ਹੋਈਆਂ ਜਿਸ ਨੇ ਝੂਣ ਜਗਾਈਆਂ।
ਰੂਹਾਂ ਹਜ਼ਾਰਾਂ ਹੀ ਪਿਆਸੀਆਂ, ਨਾਮ-ਅਮਿਉ-ਰਸ ਦੇ ਤ੍ਰਿਪਤਾਈਆਂ।
ਹਿਰਦੇ ਰੂਪ ਚਮਨ ਦੇ ਅੰਦਰ, ਲੈ ਆਵਣ ਲਈ ਸਦਾ-ਬਹਾਰ।
ਖੇੜਾ ਤੇ ਉਤਸ਼ਾਹ ਦੇਣ ਲਈ, ਕੀਤਾ 'ਗੁਰਮਤਿ ਨਾਮ' ਸਿੰਚਾਰ।
ਗੁਰਬਾਣੀ ਦੇ ਅੰਦਰ ਦਸੀ ਸਭ ਤੋਂ ਸ੍ਰੇਸ਼ਟ ਨਾਮ ਵਡਿਆਈ।
ਸ੍ਰੀ ਮੁਖ ਤੋਂ ਫ਼ੁਰਮਾਇਆ ਪੜ੍ਹ ਲੌ, "ਗੁਰਮਤਿ ਨਾਮ ਮੇਰਾ ਪ੍ਰਾਨ-ਸਖਾਈ"।
ਗੁਰੂ ਗ੍ਰੰਥ ਸਾਹਿਬ ਦੇ ਅੰਦਰ ਮਿਲਦੇ 'ਜਹੇ ਪ੍ਰਮਾਣ ਹਜ਼ਾਰਾਂ।
ਜਗਿਆਸੂ ਵੀਚਾਰ ਕਰੇ ਤਾਂ ਸੁਰ ਹੋ ਜਾਵਣ ਦਿਲ ਦੀਆਂ ਤਾਰਾਂ।
"ਝਾਲਾਘੇ ਉਠਿ ਨਾਮੁ" ਜਪੇ ਜੋ ਜਿਹਬਾ 'ਵਾਹਿਗੁਰੂ' 'ਵਾਹਿਗੁਰੂ' ਗਾਵੈ।
"ਪੰਚ ਸ਼ਬਦ ਧੁਨਿ ਅਨਹਦ ਵਾਜੇ" ਸਹਜੇ ਮੋਖ ਮੁਕਤਿ ਸੋ ਪਾਵੈ।
ਏਸ ਨਾਮ ਸਿਮਰਨ ਦਾ ਸਦਕਾ ਲਹਿਣੇ ਤੋਂ 'ਅੰਗਦ' ਗੁਰ ਹੋਏ।
'ਅਮਰ ਦਾਸ' ਜੀ ਨਾਮ ਸਿਮਰ ਕੇ, ਸਹਿਜੇ ਹੀ ਗੁਰੂ ਜੋਤਿ ਸਮੋਏ।
ਰੰਗ ਚੜ੍ਹੇ ਤਿਸਨੂੰ ਜੋ ਗਾਵੇ "ਜਪਿ ਗੋਬਿੰਦੁ ਗੋਪਾਲ ਲਾਲੁ।
ਰਾਮ ਨਾਮ ਸਿਮਰਿ ਤੂ ਜੀਵਹਿ ਫਿਰਿ ਨ ਖਾਈ ਮਹਾ ਕਾਲੁ।"
"ਸਿਮਰਉ ਸਿਮਰਿ ਸਿਮਰਿ ਸੁਖ ਪਾਵਉ, ਸਾਸਿ ਸਾਸਿ ਸਮਾਲੇ।
ਇਹ ਲੋਕਿ ਪਰਲੋਕਿ ਸੰਗਿ ਸਹਾਈ, ਜਤ ਕਤ ਮੋਹਿ ਰਖਵਾਲੇ।"
"ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ"। "ਕਲਿ ਕਲੇਸ ਤਨ ਮਾਹਿ ਮਿਟਾਵਉ।"
"ਦੁਸਮਨ ਦੂਖੁ ਨ ਆਵੈ ਨੇੜੈ, "ਘਰਿ ਬੈਠੇ ਗੁਰੂ ਧਿਆਇਹੁ।"
'ਮਿੱਤਰ' ਜਿਸ ਹਿਰਦੇ ਦੇ ਅੰਦਰ ਆ ਕੇ, ਵਸਿਆ ਨਾਮ ਰਬਾਣੀ॥
ਵਾਰ ਵਾਰ ਮੈਂ ਜਾਵਾਂ ਸਦਕੇ, ਤਿਸ ਗੁਰਸਿਖ ਵਿਟਹੁ ਕੁਰਬਾਣੀ॥

---

*ਸਤਿਜੁਗਿ ਸਤੁ, ਤੇਤਾ ਜਗੀ, ਦੁਆਪਰਿ ਪੂਜਾ ਚਾਰ ॥ ਤੀਨੌ ਜੁਗ ਤੀਨੌ ਦਿੜੇ, ਕਲਿ ਕੇਵਲ ਨਾਮ ਆਧਾਰ ॥ [ਪੰਨਾ ੩੪੬



www.AKJ.Org

# ਔਖੀ ਘਾਟੀ

[ ਵਲੋਂ—ਪ੍ਰੋਫ਼ੈਸਰ ਸਾਹਿਬ ਸਿੰਘ ਜੀ, ਡੀ. ਲਿਟ. ]

ਕਬੀਰ ਜਿਹ ਮਾਰਗਿ ਪੰਡਿਤ ਗਏ, ਪਾਛੈ ਪਰੀ ਬਹੀਰ ॥ ਇਕ ਅਵਘਟ ਘਾਟੀ ਰਾਮ ਕੀ, ਤਿਹ ਚੜਿ ਰਹਿਓ ਕਬੀਰ ॥੧੬੫॥

ਸੁੰਦਰਤਾ ਦੇ ਸਾਈਂ ਸਿਰਜਣਹਾਰ ਦੀ ਰਚਨਾ ਭੀ ਕਿਆ ਸੁੰਦਰ ਹੈ ! ਕੁਦਰਤ ਦੇ ਜ਼ੱਰੇ ਜ਼ੱਰੇ ਵਿਚ ਉਸ ਦੇ ਸੁਹਣੱਪ ਦਾ ਝਲਕਾ ਵੱਜ ਰਿਹਾ ਹੈ। ਜੇ ਇਕ ਪਾਸੇ ਉਸ ਦਾ ਜਮਾਲ ਮਨ ਨੂੰ ਮੋਹ ਰਿਹਾ ਹੈ, ਤਾਂ ਦੂਜੇ ਪਾਸੇ ਉਸ ਦਾ ਲਟ ਲਟ ਕਰਦਾ ਜਲਾਲ ਭੀ ਚਕ੍ਰਿਤ ਕਰ ਰਿਹਾ ਹੈ । ਸੋਹਣੇ ਸਤਿਗੁਰੂ ਜੀ ਨੇ ਭੀ ਇਉਂ ਫ਼ੁਰਮਾਇਆ ਹੈ :—

ਜਤ੍ਰ ਤਤ੍ਰ ਬਿਰਾਜਹੀ ਅਵਧੂਤ ਰੂਪ ਰਸਾਲ ॥

ਪਹਾੜੀ ਹੋਵੇ ਇਲਾਕਾ ਤੇ ਇਕ ਉੱਚਾ ਹੋਵੇ ਟਿਕਾਣਾ । ਓਥੇ ਖਲੋ ਕੇ ਚਾਰ ਚੁਫੇਰੇ ਝਾਤ ਮਾਰਿਆਂ ਇਹ ਇਲਾਹੀ ਪਸਾਰਾ ਇਕ ਅਜਬ ਰੰਗ ਵਿਖਾਉਂਦਾ ਹੈ। ਇਕ ਪਾਸੇ ਸੁੰਦਰ ਜਲ ਦੀ ਨਦੀ ਰੁਮਕ ਰਹੀ ਹੈ, ਨਦੀ ਦਾ ਸੀਤਲ ਜਲ ਵਹਿੰਦਾ ਹੋਇਆ ਇਕ ਸੁਰੀਲੀ ਸੁਰ ਛੇੜੀ ਜਾਂਦਾ ਹੈ। ਮਾਨੋਂ, ਆਪਣੇ ਸਾਈਂ ਦਾ ਸਿਮਰਨ ਕਰ ਰਿਹਾ ਹੈ। ਨਦੀ ਦੇ ਕਿਨਾਰੇ ਤੇ ਹਰੇ ਹਰੇ ਲਹਿ ਲਹਿ ਕਰਦੇ ਬ੍ਰਿਛ ਬੂਟੇ ਸੀਤਲ ਪਉਣ ਨਾਲ ਹੁਲਾਰੇ ਲੈ ਰਹੇ ਹਨ। ਨਾਲ ਹੀ ਇਕ ਪਾਸੇ ਪੱਧਰਾ ਮਦਾਨ ਹੈ, ਜੋ ਵੇਖਣ ਵਾਲੇ ਦੇ ਮਨ ਉਤੇ ਕਾਦਰ ਦੀ ਅਗਾਧਤਾ ਦਾ ਇਕ ਗੰਭੀਰ ਤੇ ਰਸ ਭਰਿਆ ਅਸਰ ਪਾਉਂਦਾ ਹੈ। ਪਰਬਤ ਦੀ ਉਚਾਣ ਵਲ ਤੱਕੋ, ਇਸ ਦੀ ਭੀ ਮੋਨ-ਸਮਾਧੀ ਸੁਆਦਲੀ ਹੈ।

(੨)

ਉੱਚੇ ਟਿਕਾਣੇ ਤੇ ਬੈਠੇ ਹੋਏ ਮਨੁੱਖ ਨੂੰ ਤਾਂ ਇਹ ਸਾਰਾ ਨਜ਼ਾਰਾ ਬੜਾ ਅਨੰਦ ਦੇ ਰਿਹਾ ਹੈ, ਪਰ, ਆਓ, ਵੇਖੀਏ ਉਨ੍ਹਾਂ ਰਾਹੀਆਂ ਵਲ ਜੋ ਪੈਂਡੇ ਪਏ ਹੋਏ ਹਨ। ਪੱਧਰੇ ਮੈਦਾਨ ਵਿਚ ਕਈ ਪਗਡੰਡੀਆਂ ਹਨ, ਜਿਨ੍ਹਾਂ ਉਤੇ ਕਈ ਰਾਹੀ ਤੁਰੇ ਜਾ ਰਹੇ ਹਨ, ਕਈ ਦਮ ਲੈ ਰਹੇ ਹਨ, ਕਈ ਸੱਖਣੀਆਂ ਬਾਹਵਾਂ ਲਮਕਾਈ ਹਸਦੇ ਖੇਡਦੇ ਜਾ ਰਹੇ ਹਨ ਅਤੇ ਕਈਆਂ ਨੇ ਸਿਰ ਉਤੇ ਕੁਝ ਭਾਰ ਭੀ ਚੁਕਿਆ ਹੋਇਆ ਹੈ।

ਇਹਨਾਂ ਪਾਸੋਂ ਪੁੱਛ ਭੀ ਵੇਖੀਏ ਕਿ ਕੀ ਇਹ ਭੀ ਉਹੀ ਸੁਆਦ ਲੈ ਰਹੇ ਹਨ, ਜੋ ਉਸ ਉਚੇ ਟਿਕਾਣੇ ਤੇ ਬੈਠਾ ਮਨੁੱਖ ਲੈ ਰਿਹਾ ਸੀ। ਆਵਾਜ਼ ਆਉਂਦੀ ਹੈ:—

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ, ਦੁਖੁ ਸਬਾਇਐ ਜਗਿ ॥ ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥੮੧॥

ਭੂਮਿ ਤਾਂ ਰੰਗਾਵਲੀ ਹੈ, ਪਰ ਏਸ ਵਿਚ ਗੁੱਝੀ ਭਾਹ ਬਲ ਰਹੀ ਹੈ, ਦਾਵਾ-ਅਗਨਿ ਭੜਕ ਰਹੀ ਹੈ। ਜਿਨ੍ਹਾਂ ਦੇ ਅੰਦਰ ਹਰਿਆਵਲ ਨਹੀਂ ਰਹੀ, ਉਹ ਇਸ ਅਗਨੀ ਦਾ ਸ਼ਿਕਾਰ ਹੋ ਰਹੇ ਹਨ—

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ,
ਕੋਈ ਹਰਿਆ ਬੂਟੁ ਰਹਿਓ ਰੀ॥

ਪੱਧਰਾ ਮੈਦਾਨ ਉਂਜ ਤਾਂ ਸੁਖੱਲਾ ਰਸਤਾ ਜਾਪਦਾ ਹੈ, ਏਥੇ ਤੁਰਦੇ ਭੀ ਬਥੇਰੇ ਰਾਹੀ ਹਨ, ਪਰ ਦਾਵਾ-ਅਗਨੀ ਦਾ ਸੇਕ ਸਭ ਰਾਹੀਆਂ ਨੂੰ ਦੁਖੀ ਕਰ ਰਿਹਾ ਹੈ।

ਕੀ ਸਭ ਰਾਹੀਆਂ ਨੂੰ ਦੁਖੀ ਕਰ ਰਿਹਾ ਹੈ ? ਹਾਂ, ਦੁਖੀ ਜੀਵ ਨੂੰ ਇਉਂ ਹੀ ਭਾਸਦਾ ਹੈ—

ਸੁਖੀਏ ਕਉ ਪੇਖੈ ਸਭ ਸੁਖੀਆ,
ਰੋਗੀ ਕੇ ਭਾਣੈ ਸਭ ਰੋਗੀ।

ਪਰ ਅਸਲ ਗੱਲ ਇਹ ਹੈ:—

ਫਰੀਦਾ ! ਭੂਮਿ ਰੰਗਾਵਲੀ, ਮੰਝਿ ਵਿਸੂਲਾ ਬਾਗੁ ॥ ਜੋ ਜਨ ਪੀਰਿ ਨਿਵਾਜਿਆ, ਤਿੰਨ੍ਹਾ ਅੰਚ ਨ ਲਾਗ ॥੮੨॥

(੩)

ਸ੍ਰਿਸ਼ਟੀ ਹਉਮੈ ਦੀ ਭਾਹ ਵਿਚ, ਦ੍ਵੈਤ ਦੀ ਅਗਨੀ ਵਿਚ, ਸੜ ਰਹੀ ਸੀ। ਸਿਰਜਣਹਾਰ ਨੇ ਆਪਣਾ ਪਿਆਰਾ ਭੇਜਿਆ, ਸੀਤਲਤਾ ਦਾ ਪੁੰਜ ਪਿਆਰਾ ਸਤਿਗੁਰ ਭੇਜਿਆ, ਜਿਸ ਨੇ ਤਪਦੇ ਹਿਰਦਿਆਂ ਵਿਚ ਸੀਤਲ ਪਿਆਰ ਦੀ ਹਰਿਆਵਲ ਉਤਪੰਨ ਕੀਤੀ ਤੇ ਦਾਵਾ-ਅਗਨਿ ਦੇ ਸੇਕ ਤੋਂ ਬਚਾਇਆ। ਅੰਦਰ ਹਉਮੈ ਦੀ

www.AKJ.Org

ਅੱਗ ਹੋਣ ਕਰਕੇ ਜਗਤ ਦੇ ਜੀਵ, ਬਾਂਸਾਂ ਵਾਂਗ ਖਹਿ ਖਹਿ ਕੇ ਸੜ ਰਹੇ ਸਨ, ਸਤਿਗੁਰੂ ਨੇ ਪਿਆਰ ਦਾ ਛੱਟਾ ਦਿੱਤਾ ਤੇ ਠੰਢ ਵਰਤਾਈ।

ਦੁਖੀ ਦੁਨੀਆ ਦੀ ਪੀੜ ਨੂੰ ਅਨੁਭਵ ਕਰਦਾ ਹੋਇਆ ਪਿਆਰ ਦਾ ਪੁੰਜ ਸਤਿਗੁਰੂ ਸੀਤਲਤਾ ਦਾ ਖਜ਼ਾਨਾ ਬਖ਼ਸ਼ਣ ਵਾਸਤੇ ਜਗ-ਯਾਤਰਾ ਨੂੰ ਤੁਰਿਆ। ਭਾਈ ਗੁਰਦਾਸ ਜੀ ਇਉਂ ਲਿਖਦੇ ਹਨ:—

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭ ਪ੍ਰਿਥਮੀ
ਦਿਸਿ ਆਈ। ਬਾਝਹੁ ਗੁਰੂ ਗੁਬਾਰੁ ਹੈ, ਹੈ ਹੈ
ਕਰਦੀ ਸੁਣੀ ਲੁਕਾਈ। ਬਾਬੇ ਭੇਖੁ ਬਣਾਇਆ,
ਉਦਾਸੀ ਕੀ ਰੀਤਿ ਚਲਾਈ। ਚੜਿਆ ਸੋਧਣ
ਧਰਤਿ ਲੁਕਾਈ ॥੨੪॥ (੧)

ਪਿਆਰਾ ਸਤਿਗੁਰੂ ਮੁਲਤਾਨ ਆਇਆ, ਸ਼ਹਿਰੋਂ ਬਾਹਰ ਡੇਰਾ ਕੀਤਾ। ਸ਼ਹਿਰ ਮੁਸਲਮਾਨ ਫ਼ਕੀਰਾਂ ਨਾਲ ਭਰਪੂਰ ਸੀ। ਉਹ ਬਾਬਾ ਜੀ ਦੀ ਆਤਮਿਕ ਸ਼ਕਤੀ ਤੇ ਬਰਕਤ ਦੀ ਚਰਚਾ ਸੁਣ ਚੁਕੇ ਸਨ, ਘਬਰਾਏ ਕਿ ਸਾਡੀ ਪੀਰੀ ਤੇ ਮੰਨਤਾ ਜਾਂਦੀ ਰਹੇਗੀ। ਕਟੋਰਾ ਦੁੱਧ ਦਾ ਭਰ ਕੇ ਬਾਬਾ ਜੀ ਦੇ ਪਾਸ ਭੇਜਿਓ ਨੇ। ਬਾਬਾ ਜੀ ਨੇ ਅਗੋਂ ਉਸ ਦੁੱਧ ਉੱਤੇ ਚੰਬੇਲੀ ਦਾ ਫੁੱਲ ਰੱਖ ਕੇ ਕਟੋਰਾ ਮੋੜ ਘਲਿਆ, ਤਾਂ ਉਹਨਾਂ ਨੂੰ ਧੀਰਜ ਆਈ ਤੇ ਦਰਸ਼ਨ ਕਰ ਕੇ ਨਿਹਾਲ ਹੋਏ। ਪੀਰਾਂ ਫ਼ਕੀਰਾਂ ਨਾਲ ਨਕਾ ਨਕ ਭਰੇ ਹੋਏ ਮੁਲਤਾਨ ਸ਼ਹਿਰ ਨੂੰ ਸਤਿਗੁਰੂ ਜੀ ਨੇ ਪ੍ਰੇਮ ਰੂਪ ਚੰਬੇਲੀ ਦੇ ਫੁੱਲ ਦੁਆਰਾ ਸੁਗੰਧਤਾ ਤੇ ਸੀਤਲਤਾ ਬਖ਼ਸ਼ੀ ਤੇ ਆਪ ਨਿਰਲੇਪ ਰਹਿ ਕੇ ਉਸ ਫੁੱਲ ਵਾਂਗ ਸਭ ਦੇ ਉੱਪਰ ਹੀ ਉੱਚੇ ਆਤਮਿਕ-ਮੰਡਲ ਵਿਚ ਤਾਰੀਆਂ ਲਾਉਂਦੇ ਰਹੇ।

(੪)

ਦੁਖੀ ਅਤੇ ਰੋਗੀ ਸੰਸਾਰ ਦੀ ਨਬਜ਼ ਵੇਖ ਕੇ ਰੋਗ ਅਤੇ ਦਾਰੂ ਦੋਹਾਂ ਨੂੰ ਸਮਝਣ ਵਾਲੇ ਸੁਜਾਨ ਵੈਦ ਨੇ ਇਹ ਨਿਸਚਾ ਕੀਤਾ ਕਿ ਹਉਮੈ ਦਾ ਰੋਗ, ਜੋ ਹੋਰ ਸਭ ਸੰਸਾਰਕ ਰੋਗਾਂ ਨਾਲੋਂ ਪ੍ਰਬਲ ਰੋਗ ਹੈ, ਸੰਸਾਰੀ ਜੀਵਾਂ ਦੇ ਸਰੀਰ ਅਤੇ ਮਨ ਵਿਚ ਧੱਸ ਗਿਆ ਹੈ ਅਤੇ ਓਪਰੇ ਇਲਾਜ ਨਾਲ ਏਸ ਦੇ ਫਿਰ ਪੁੰਗਰਨ ਦਾ ਡਰ ਹੈ। ਸਿਰਜਣਹਾਰ ਪ੍ਰੀਤਮ ਦੇ ਪ੍ਰੇਮ ਦੀ ਖਿੱਚ ਤਾਂ ਆਗਿਆ ਨਹੀਂ ਸੀ ਦੇਂਦੀ ਕਿ ਉਸ ਉੱਚ ਟਿਕਾਣੇ ਤੋਂ ਹਿਲਣ, ਪਰ ਪ੍ਰੀਤਮ ਦੀ ਰਚੀ ਹੋਈ ਸ੍ਰਿਸ਼ਟੀ ਦੇ ਦਰਦ ਨੇ ਸਤਿਗੁਰੂ ਦੇ ਪਿਆਰ ਨੂੰ ਹੁਲਾਰਾ ਦਿਤਾ ਤੇ ਦੁਖੀਆਂ ਦੇ ਦਰਦੀ ਨੇ ਦਸ ਜਾਮੇ ਧਾਰੇ। ਦੋ ਜਹਾਨ ਦੇ ਵਾਲੀ ਦਸਮੇਸ਼ ਪਿਤਾ ਜੀ ਆਪਣੇ ਮੁਖਾਰਬਿੰਦ ਤੋਂ ਇਉਂ ਫ਼ੁਰਮਾਉਂਦੇ ਹਨ:—

ਤਿਨ ਪ੍ਰਭ ਜਬ ਆਇਸ ਮੁਹਿ ਕੀਆ।
ਤਬ ਹਮ ਜਨਮ ਕਲੂ ਮਹਿ ਲੀਆ।੪।
ਚਿਤ ਨ ਭਯੋ ਹਮਰੋ ਆਵਨ ਕਹਿ।
ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹਿ।੫।
(ਬਚਿਤ੍ਰ ਨਾਟਕ

ਜਿਵੇਂ ਜਿਵੇਂ ਰੋਗ ਦਾ ਦਰਜਾ ਵੇਖਿਆ, ਉਸੇ ਤਰ੍ਹਾਂ ਸੁਜਾਨ ਵੈਦ ਸਤਿਗੁਰੂ ਹਰੇਕ ਜਾਮੇ ਵਿਚ ਦਾਰੂ ਦੇਂਦੇ ਆਏ।

(੫)

ਇਤਿਹਾਸ ਤੋਂ ਅਨਜਾਣ ਮਨੁੱਖ ਕਦੀ ਕਦੀ ਇਹ ਆਖ ਦਿਆ ਕਰਦੇ ਹਨ ਕਿ ਸਤਿਗੁਰੂ ਜੀ ਦਾ ਦਸਵੇਂ ਜਾਮੇ ਵਿਚ, ਦਸਮੇਸ਼ ਪਿਤਾ ਸ੍ਰੀ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ, ਆਦਰਸ਼ ਹੋਰ ਹੋ ਗਿਆ ਸੀ, ਕਿਉਂਕਿ ਆਪ ਨੇ ਬੰਦਗੀ ਅਤੇ ਪਿਆਰ ਵਾਲਾ ਮਾਰਗ ਛੱਡ ਕੇ ਤਲਵਾਰ ਵਰਤੀ ਸੀ।

ਜਿਹੜਾ ਰਸਤਾ ਆਪਣੀ ਪੈਰੀਂ ਤੁਰ ਕੇ ਨ ਵੇਖਿਆ ਹੋਵੇ, ਦੂਰੋਂ ਸੁਣ ਹੀ ਛੱਡਿਆ ਹੋਵੇ, ਉਸ ਦੀ ਸਾਰ ਕਿਵੇਂ ਆਵੇ? ਕਰਮ ਕਾਂਡ ਅਤੇ ਫ਼ਿਲਾਸਫ਼ੀ ਆਦਿਕ ਦੇ ਪੱਧਰੇ ਮੈਦਾਨ ਦੇ ਰਾਹੀ ਪ੍ਰੇਮ ਦੀ ਘਾਟੀ ਦੇ ਬਿਖੜੇ ਰਸਤੇ ਦਾ ਹਾਲ ਕਿਵੇਂ ਜਾਣਨ? ਏਥੇ ਤਾਂ—

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ
ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ
ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥
[ਸਲੋਕ ਮ: ੧

ਸਿਰਜਣਹਾਰ ਦੀ ਹੋਂਦ ਤੋਂ ਭੁੱਲੇ ਹੋਏ ਜੀਵਾਂ ਨੂੰ ਸਤਿਗੁਰੂ ਜੀ ਗਿਆਨ ਦੇ ਮਾਰਗ ਤੇ ਚਲਾਉਣ ਆਏ। ਨਿਰਲੇਪ ਸਤਿਗੁਰੂ ਨੇ ਹਰੇਕ ਜਾਮੇ ਵਿਚ ਆਪਣੇ ਆਪ ਨੂੰ ਅਨਗਿਣਤ ਕਸ਼ਟਾਂ ਵਿਚ ਪਾ ਕੇ, ਖੁੰਝੇ ਹੋਏ ਰਾਹੀਆਂ ਨੂੰ ਇਹ ਦਸਿਆ ਕਿ ਗਿਆਨਵਾਨ ਉਹ ਹੈ ਜੋ:—

www.AKJ.Org

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ ॥ ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ ॥੧੬॥ [ਸਲੋਕ ਮ: ੯

ਜਿਸ ਨੂੰ ਕਰਤਾਰ ਦੀ ਕੁਦਰਤ ਦੇ ਜ਼ੱਰੇ ਜ਼ੱਰੇ ਵਿਚ ਪ੍ਰੀਤਮ ਦਿੱਸ ਰਿਹਾ ਹੈ, ਉਹ ਡਰੇ ਕਿਸ ਪਾਸੋਂ ਤੇ ਡਰਾਵੇ ਕਿਸ ਨੂੰ ?

ਪਰ ਹਾਂ ! ਰੋਗੀ ਨੂੰ ਵੇਲੇ ਵੇਲੇ ਸਿਰ ਮਿੱਠੀ ਦਵਾਈ ਭੀ ਦੇਈਦੀ ਹੈ ਅਤੇ ਕੌੜੀ ਭੀ। ਕੌੜੀ ਦਵਾਈ ਦੇਣ ਵੇਲੇ ਭੀ ਵੈਦ ਦੇ ਹਿਰਦੇ ਵਿਚ ਰੋਗੀ ਅਤੇ ਆਪਣੇ ਪ੍ਰੀਤਮ ਵਾਸਤੇ ਉਹੀ ਪਿਆਰ ਹੁੰਦਾ ਹੈ ਜੋ ਮਿੱਠੀ ਦਵਾਈ ਦੇਣ ਵੇਲੇ।

(੬)

ਅਗਿਆਨਤਾ ਵਿਚ ਫਸੇ ਹੋਏ ਅਤੇ ਦ੍ਵੈਤ ਦੇ ਮਾਰੇ ਹੋਏ ਪਹਾੜੀ ਰਾਜੇ, ਸਭ ਨਾਲ ਪਿਆਰ ਕਰਨ ਵਾਲੇ ਸਤਿਗੁਰੂ ਜੀ ਸ੍ਰੀ ਕਲਗੀਧਰ ਜੀ ਨਾਲ ਵੈਰ ਕਮਾਉਂਦੇ ਹਨ। ਪਰ ਕਰਤਾਰ ਦੇ ਭੈ ਅਤੇ ਪਿਆਰ ਵਾਲੇ ਬੰਦੇ ਭੀ ਦੁਨੀਆ ਵਿਚ ਹੀ ਵੱਸਦੇ ਹਨ। ਰਿਆਸਤ ਨਾਹਨ ਦੇ ਰਾਜੇ ਨੂੰ ਦਾਤਾਰ ਨੇ ਦਿੱਬਜ-ਦ੍ਰਿਸ਼ਟੀ ਦੀ ਦਾਤ ਬਖ਼ਸ਼ੀ। ਸਤਿਗੁਰੂ ਦੀ ਆਤਮਿਕ ਸ਼ਕਤੀ ਦੀ ਸੂਝ ਪਈ; ਦਰਸ਼ਨ ਦੀ ਤਾਂਘ ਹੋਈ ਤਾਂ ਆਪਣੇ ਖ਼ਾਸ ਸੇਵਕ ਨੂੰ ਭੇਜ ਕੇ ਬੇਨਤੀ ਕੀਤੀ। ਸਭ ਦੀ ਮਨੋ-ਕਾਮਨਾ ਪੂਰੀ ਕਰਨ ਵਾਲੇ ਪ੍ਰੇਮ-ਪੁੰਜ ਪ੍ਰਭੂ ਜੀ ਉਸ ਦੇਸ ਗਏ, ਰਾਜੇ ਦੇ ਹਿਰਦੇ ਵਿਚ ਠੰਡ ਪਈ ਅਤੇ ਨਾਮ ਦਾਨ ਮਿਲਿਆ।

ਰਾਮ ਰਾਇ ਜੀ ਨੂੰ, ਜੋ ਨੇੜੇ ਹੀ ਦੂਣ ਦੇਸ਼ ਵਿਚ ਡੇਰਾ ਲਾਈ ਬੈਠੇ ਸਨ, ਖ਼ਬਰ ਹੋਈ ਕਿ ਪਤਿਤ-ਪਾਵਨ ਅਤੇ ਵਿਛੜੇ ਮੇਲਣਹਾਰ ਸਤਿਗੁਰੂ ਏਸ ਦੇਸ ਦੇ ਵਿਲਕਦੇ ਜੀਵਾਂ ਨੂੰ ਜੀਅ-ਦਾਨ ਦੇ ਰਹੇ ਹਨ। ਕਲੇਜੇ ਧੂਹ ਪਈ, ਚਿਰ ਦੇ ਵਿਛੋੜੇ ਨੇ ਵਿਆਕੁਲ ਕੀਤਾ ਤੇ ਦਰਸ਼ਨ ਦੀ ਖਿਚ ਹੋਈ, ਖ਼ਾਸ ਮਹਿਰਮ ਭੇਜ ਕੇ ਆਗਿਆ ਮੰਗੀ, ਜੋ ਪਰਵਾਨ ਹੋਈ। ਜਮਨਾ ਨਦੀ ਤੇ ਮਿਲਣ ਦਾ ਟਿਕਾਣਾ ਨੀਯਤ ਹੋਇਆ। ਦੋਹਾਂ ਪਾਸਿਆਂ ਤੋਂ ਕੁਝ ਸੇਵਕ ਨਾਲ ਸਨ, ਜੋ ਬਾਹਰ ਕਿਨਾਰੇ ਤੇ ਖੜੇ ਰਹੇ। ਰਾਮ ਰਾਇ ਜੀ ਅਤੇ ਸਤਿਗੁਰੂ ਜੀ ਬੇੜੀਆਂ ਵਿਚ ਬੈਠ ਕੇ ਜਲ-ਧਾਰਾ ਦੇ ਵਿਚਕਾਰ ਆਏ। ਸਤਿਗੁਰੂ ਜੀ ਦੇ ਸਿੱਖ ਤਾਂ ਸਾਧਾਰਨ ਤੌਰ ਤੇ ਏਸ ਕੌਤਕ ਦਾ ਆਨੰਦ ਲੈਂਦੇ ਰਹੇ, ਪਰ ਰਾਮ ਰਾਇ ਜੀ ਦੇ ਸੇਵਕਾਂ ਨੇ ਸਤਿਗੁਰੂ ਜੀ ਅਤੇ ਉਹਨਾਂ ਦੇ ਸਿਖਾਂ ਵੱਲ ਕੰਡ ਦੇ ਰਖੀ।

ਮੁਲਾਕਾਤ ਤੋਂ ਪਿਛੋਂ ਆਪੋ ਆਪਣੇ ਡੇਰੇ ਅੱਪੜੇ। ਰਾਮ ਰਾਇ ਜੀ ਨੇ ਆਪਣੇ ਸੇਵਕਾਂ ਪਾਸੋਂ ਉਸ ਅਲੌਕਿਕ ਵਰਤੋਂ ਦਾ ਕਾਰਨ ਪੁੱਛਿਆ। ਉਤਰ ਮਿਲਿਆ, 'ਹਜ਼ੂਰ ! ਜਦ ਤੋਂ ਆਪ ਦੇ ਹੋ ਗਏ ਹਾਂ, ਹੋਰ ਪਾਸੇ ਤੱਕਣਾ ਭੀ ਹਰਾਮ ਹੈ।'

ਕਿਆ ਸੋਹਣਾ ਇਸ਼ਕ ਹੈ ! ਆਪਣੇ ਪ੍ਰੀਤਮ ਦਾ ਹੋ ਰਹਿਣਾ—ਇਕ ਬੜੀ ਉੱਚੀ ਖੇਡ ਹੈ।

ਪਰ, ਹੇ ਮਨ ! ਰਤਾ ਠਹਿਰ, ਏਥੇ ਹੀ ਮੋਹਿਤ ਨਾ ਹੋ ਜਾ। ਏਸ ਵਿਚ ਸ਼ੱਕ ਨਹੀਂ ਕਿ ਮਾਇਆ ਦੇ ਧੰਧਿਆਂ ਵਿਚੋਂ, ਮਾਤਾ ਪਿਤਾ ਪੁੱਤਰ ਇਸਤ੍ਰੀ ਆਦਿਕ ਦੇ ਮੋਹ ਵਿਚੋਂ ਨਿਕਲ ਕੇ ਆਪਣੇ ਰਹਿਬਰ ਪ੍ਰੀਤਮ ਦੇ ਚਰਨਾਂ ਉੱਤੇ ਇਸ ਤਰ੍ਹਾਂ ਸਦਕੇ ਹੋ ਜਾਣਾ ਕੋਈ ਨਿੱਕੀ ਜਿਹੀ ਗਲ ਨਹੀਂ। ਪਰ, ਧੰਨ ਸੋਹਣਾ ਸਤਿਗੁਰੂ ! ਉਸ ਦੇ ਪ੍ਰੇਮ ਦੀ ਖੇਡ ਤੇ ਮੌਜ ਇਸ ਦਰਜੇ ਤੋਂ ਬਹੁਤ ਦੂਰ ਉਚੀ ਹੈ।

ਦੁਨੀਆ ਦੇ ਲੋਕਾਂ ਨੂੰ ਮਾਇਆ ਵਿਚ ਵਿਲੂਕਦੇ ਵੇਖ ਕੇ ਕਈ ਸੁਭਾਗੇ ਜਨ ਉੱਦਮ ਕਰਦੇ ਹਨ, ਇਹਨਾਂ ਮਾਇਕ ਜ਼ੰਜੀਰਾਂ ਨੂੰ ਤੋੜ ਕੇ ਨਿਕਲ ਤੁਰਦੇ ਹਨ ਅਤੇ ਬਨਾਂ ਵਿਚ ਪਹੁੰਚ ਕੇ ਸਿਰਜਣਹਾਰ ਦੇ ਚਰਨਾਂ ਵਿਚ ਜਾ ਸਮਾਧੀ ਲਾਉਂਦੇ ਹਨ। ਇਹ ਭੀ, ਭਾਈ ! ਕੋਈ ਹੌਸਲੇ ਦੀ ਖੇਡ ਹੈ ! ਪਰ, ਵਿਚਾਰ ਪੁੱਛਦੀ ਹੈ ਕਿ ਇਸ 'ਤਿਆਗ' ਦਾ ਆਧਾਰ ਕਿਸ ਤੇ ਹੈ।

ਆਧਾਰ 'ਨਫ਼ਰਤ' ਉਤੇ ਹੈ। 'ਹਰਿ ਕਾ ਰੂਪ' ਸੰਸਾਰ ਤੋਂ ਨਫ਼ਰਤ ਕੀਤੀ ਅਤੇ ਉਮੰਗ ਉਠੀ ਕਿ 'ਹਰਿ' ਦੇ ਚਰਨਾਂ ਵਿਚ ਮਨ ਜੁੜੇ।

ਆਓ ! ਸਤਿਗੁਰੂ ਦੇ ਦੁਲਾਰਿਆਂ ਤੋਂ ਵੀ ਪੁਛ ਵੇਖੀਏ ਕਿ ਇਹ ਕਿਉਂ ਸਨਮੁਖ ਰਹੇ। ਇਤਿਹਾਸਕਾਰ ਲਿਖਦੇ ਹਨ ਕਿ ਸ੍ਰੀ ਕਲਗੀਧਰ ਜੀ ਦੇ ਪ੍ਰਸ਼ਨ ਕਰਨ ਤੇ ਸੇਵਕਾਂ ਨੇ ਬੇਨਤੀ ਕੀਤੀ—

'ਹਜ਼ੂਰ ! ਪਿੱਠ ਕਿਸੇ ਵਲ ਤਾਂ ਕਰੀਏ ਜੇ ਕੋਈ 'ਪਰ' ਜਾਂ 'ਵੈਰੀ' ਦਿਸਦਾ ਹੋਵੇ। ਜਦੋਂ ਦੇ ਆਪ ਦੀ ਚਰਨੀਂ ਲੱਗੇ ਹਾਂ ਸਭ ਸ੍ਰਿਸ਼ਟੀ ਵਿਚ ਆਪ ਹੀ ਦਿੱਸ ਰਹੇ ਹਉ।'


www.AKJ.Org

ਆਠ ਜਾਮ ਚਉਸਠਿ ਘਰੀ, ਤੁਅ ਨਿਰਖਤ ਰਹੈ
ਜੀਉ ॥ ਨੀਚੇ ਲੋਇਨ ਕਿਉ ਕਰਉ, ਸਭ ਘਟ
ਦੇਖਉ ਪੀਉ ॥੨੩੫॥

(੭)

ਵਾਲਹੁ ਨਿੱਕੀ ਆਖੀਐ, ਖੰਡੇ ਧਾਰਹੁ ਸੁਣੀਐ
ਤਿੱਖੀ ॥

ਮਾਇਕ ਬਲ ਦੇ ਅਹੰਕਾਰ ਵਿਚ ਮੱਤਾ ਹੋਇਆ ਸਮੇਂ ਦਾ ਸੰਸਾਰਕ ਰਾਜਾ, ਪਰਜਾ ਨੂੰ ਦੁਖੀ ਕਰ ਰਿਹਾ ਹੈ, ਜੋਰੀਂ ਆਪਣੀ ਈਨ ਮਨਾ ਰਿਹਾ ਹੈ, ਇਕ ਅਕਾਲ ਦੀ ਓਟ ਰੱਖਦਾ ਹੋਇਆ ਜੋ ਨਿਰਭਉ ਹੋ ਕੇ ਸਚਾਈ ਪ੍ਰਗਟ ਕਰੇ ਉਸ ਨੂੰ ਬੰਦੀ ਵਿਚ ਸੁਟਦਾ ਹੈ ਜਾਂ ਪਾਰ ਮੁਕਾਉਂਦਾ ਹੈ। ਸੰਸਾਰ ਵਿਚ ਹਾਹਾਕਾਰ ਮਚ ਗਈ ਹੈ।

ਥੰਮੇ ਕੋਇ ਨ ਸਾਧ ਬਿਨੁ,
ਸਾਧੁ ਨ ਦਿਸੈ ਜਗ ਵਿਚਿ ਕੋਆ।

ਵਿਲਕਦੇ ਜੀਵਾਂ ਦੀ ਪੁਕਾਰ ਸੁਣ ਕੇ, ਦਇਆ ਨਿਧਿ ਦਾਤਾਰ ਨੇ ਆਪਣਾ ਮਹਿਰਮ ਭੇਜਿਆ। ਸਤਿਗੁਰੂ ਗਰੀਬੀ, ਹਲੀਮੀ, ਪਿਆਰ ਦੀ ਢਾਲ ਲੈ ਕੇ ਆਇਆ। ਮੁਗਲ ਰਾਜ ਦੇ ਕਰਮ-ਚਾਰੀਆਂ ਨੇ ਤਰਥੱਲ ਮਚਾ ਦਿਤੀ, ਦੁਖੀਏ ਲੋਕ ਸ੍ਰੀ ਅਨੰਦਪੁਰ ਸਾਹਿਬ ਸਤਿਗੁਰੂ ਦੀ ਸ਼ਰਨ ਆਏ। ਬਚਨ ਹੋਇਆ ਕਿ ਜਦ ਤਾਈਂ ਕੋਈ ਸੰਤ ਜਨ ਸੀਸ ਭੇਟ ਨਾ ਕਰੇ, ਪਾਪ ਨਸ਼ਟ ਨਹੀਂ ਹੋ ਸਕਦੇ।

ਧੁਰੋਂ ਇਹੀ ਫ਼ੁਰਮਾਨ ਸੀ, ਏਸੇ ਕਾਰਜ ਲਈ ਆਏ ਸਨ, ਸੋ ਸੰਤਾਂ ਦੇ ਸਿਰਤਾਜ ਮਹਾਂ ਬਲੀ ਗੁਰੂ ਤੇ ਅਵਤਾਰਾਂ ਦੇ ਸ਼ਰੋਮਣੀ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣਾ ਸੀਸ ਦੇ ਚੁਕੇ ਹਨ। ਚਰਨਾਂ ਦੇ ਭੌਰੇ ਭਾਈ ਮਤੀ ਦਾਸ ਜੀ ਹਜ਼ੂਰ ਦੇ ਜੇਲ੍ਹ ਵਾਲੇ ਕਸ਼ਟ ਵੇਖ ਕੇ ਸਹਾਰ ਨ ਸਕੇ ਤੇ ਪ੍ਰੀਤਮ ਦੀ ਬਖ਼ਸ਼ੀ ਹੋਈ ਆਤਮ-ਦਾਤਿ ਦੇ ਆਧਾਰ ਤੇ ਜੋਸ਼-ਤਰੰਗ ਵਿਚ ਆਏ, ਜਿਸ ਨੂੰ ਵੇਲੇ ਦਾ ਜਰਵਾਣਾ ਸਹਿ ਨ ਸਕਿਆ ਤੇ ਭਾਈ ਸਾਹਿਬ ਭੀ ਸਤਿਗੁਰੂ ਜੀ ਦੇ ਸਾਹਮਣੇ ਹੀ ਆਰੇ ਨਾਲ ਚਿਰਾਏ ਗਏ।

ਉਪਰੀ ਨਜ਼ਰ ਨਾਲ ਸ਼ਾਇਦ ਕਿਸੇ ਨੂੰ ਇਹ ਕੁਰਬਾਨੀ ਸੁਖੱਲੀ ਜਾਪਦੀ ਹੋਵੇ। ਕਾਸ਼ੀ ਵਿਚ ਭੀ ਜਾ ਕੇ ਪੁਰਾਤਨ ਸਮੇਂ ਵਿਚ ਭੀ ਕਈ ਰਾਜੇ ਆਪਣੇ ਆਪ ਨੂੰ ਕਰਵੱਤ੍ਰ ਨਾਲ ਚਿਰਾਉਂਦੇ ਸੁਣੀਦੇ ਹਨ, ਪਰ ਫ਼ਰਕ ਜ਼ਮੀਨ ਆਸਮਾਨ ਦਾ ਹੈ।

ਅਨਿਕ ਤਪਸਿਆ ਕਰੇ ਅਹੰਕਾਰ ॥ ਨਰਕ ਸੁਰਗ
ਫਿਰਿ ਫਿਰਿ ਅਵਤਾਰ ॥ ਅਨਿਕ ਜਤਨ ਕਰਿ
ਆਤਮ ਨਹੀ ਦ੍ਰਵੈ ॥ ਹਰਿ ਦਰਗਹ ਕਹੁ
ਕੈਸੇ ਗਵੈ ॥ [ਸੁਖਮਨੀ ਮ: ੫

ਬਾਬਾ ਜੀ ਨੇ ਸੰਸਾਰ ਨੂੰ ਸੋਧਣ ਵਾਸਤੇ ਦਸ ਜਾਮੇ ਧਾਰੇ, ਖ਼ਾਲਸਾ ਪੰਥ ਸਾਜ ਨਿਵਾਜ ਕੇ ਦਸ ਜਾਮਿਆਂ ਵਿਚ ਕੀਤੀ ਕਾਰਗੁਜ਼ਾਰੀ ਦਾ ਸ੍ਰੀ ਕਲਗੀਧਰ ਦਸਮੇਸ਼ ਪਿਤਾ ਜੀ ਦੇ ਰੂਪ ਵਿਚ ਅੰਤਮ ਵੇਲੇ ਇਹ ਸਿੱਟਾ ਕੱਢ ਕੇ ਪੇਸ਼ ਕੀਤਾ—

'ਸਾਚੁ ਕਹਉ ਸੁਨਿ ਲੇਹੁ ਸਭੈ, ਜਿਨਿ ਪ੍ਰੇਮੁ
ਕੀਓ ਤਿਨ ਹੀ ਪ੍ਰਭੁ ਪਾਇਓ' ॥

'ਪਰ ਇਸ ਔਖੀ ਘਾਟੀ 'ਤੇ ਟੁਰਨਾ ਇਕ ਇਲਾਹੀ ਖੇਡ ਹੈ–
'ਸੂਰੀ ਊਪਰਿ ਖੇਲਨਾ, ਗਿਰੈ ਤ ਠਾਹਰ ਨਾਹਿ' ॥

---

## ਹੋਰਤੁ ਰੰਗਿ ਨ ਰਚੀਐ

ਹੋਰਤੁ ਰੰਗਿ ਨ ਰਚੀਐ, ਸਭੁ ਕੂੜੁ ਦਿਸੰਦਾ ॥ ਹੋਰਤੁ ਸਾਦਿ ਨ ਲਗੀਐ, ਹੋਇ ਵਿਸੁ ਲਗੰਦਾ ॥
ਹੋਰਤੁ ਰਾਗ ਨ ਰੀਝੀਐ, ਸੁਣਿ ਸੁਖ ਨ ਲਹੰਦਾ ॥ ਹੋਰ ਬੁਰੀ ਕਰਤੂਤਿ ਹੈ, ਲਗੈ ਫਲੁ ਮੰਦਾ ॥
ਹੋਰਤੁ ਪੰਥਿ ਨ ਚਲੀਐ, ਠਗੁ ਚੋਰੁ ਮੁਹੰਦਾ ॥ ਪੀਰ ਮੁਰੀਦਾ ਪਿਰਹੜੀ, ਸਚੁ ਸਚਿ ਮਿਲੰਦਾ ॥੧੧॥

ਅਖੀ ਵੇਖਿ ਨ ਰਜੀਆ, ਬਹੁ ਰੰਗ ਤਮਾਸੇ ॥ ਉਸਤਤਿ ਨਿੰਦਾ ਕੰਨਿ ਸੁਣਿ, ਰੋਵਣ ਤੇ ਹਾਸੇ ॥
ਸਾਦੀ ਜੀਭ ਨ ਰਜੀਆ, ਕਰਿ ਭੋਗ ਬਿਲਾਸੇ ॥ ਨਕ ਨ ਰਜਾ ਵਾਸੁ ਲੈ, ਦੁਰਗੰਧ ਸੁਵਾਸੇ ॥
ਰਜਿ ਨ ਕੋਈ ਜੀਵਿਆ, ਕੂੜੇ ਭਰਵਾਸੇ ॥ ਪੀਰ ਮੁਰੀਦਾ ਪਿਰਹੜੀ, ਸਚੀ ਰਹਰਾਸੇ ॥੯॥ [ਵਾਰ ੨੭

www.AKJ.Org

# ਗੁਰਮਤਿ ਸੋਧਾਂ

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸੇਵਾ ਵਿਚ ਭਾਈ ਭਗਤ ਸਿੰਘ ਜੀ ਖ਼ਾਲਸਾ, ਬੁਕਸੈਲਰ ਹੁਸ਼ਿਆਰਪੁਰ ਨੇ ਕਈ ਸ਼ੰਕੇ ਇਕ ਲੰਮੀ ਚੌੜੀ ਪਤਰਕਾ ਰਾਹੀਂ ਲਿਖ ਕੇ ਭੇਜੇ ਜਿਨ੍ਹਾਂ ਦੇ ਉਤਰ ਭਾਈ ਸਾਹਿਬ ਜੀ ਨੇ ਹੇਠ ਲਿਖੀ ਪਤਰਕਾ ਰਾਹੀਂ ਸੰਖਿਪਤ ਪਰ ਭਾਵ-ਪੂਰਤ ਭੇਜੇ। ਪਤਰਕਾ ਇਹ ਹੈ–

ਕੁਮਾਰ ਹੱਟੀ, ਸ਼ਿਮਲਾ ਹਿਲਜ਼

ਪਰਮ ਕਿਰਪਾਲੂ ਸ੍ਰੀ ਭਾਈ ਭਗਤ ਸਿੰਘ ਜੀਉ, ੯–੯–੫੪

(੧) ਆਪ ਜੀ ਦੀ ਪ੍ਰੇਮ-ਪਾਤੀ ਪੁਜੀ। ਉਤਰ ਵਿਚ ਬਿਨੈ ਹੈ ਕਿ ਦਸਵੰਧ ਸਬੰਧੀ ਆਪਣੇ ਨਿਜ ਸੁਆਰਥੀ ਕੰਮਾਂ ਤੋਂ ਬਿਨਾਂ ਗੁਰ-ਘਰ ਦੇ ਕੰਮਾਂ ਲਈ, ਪਰਸੁਆਰਥ ਨਮਿਤ ਆਪਣੀ ਮਰਜ਼ੀ ਅਨੁਸਾਰ ਖ਼ਰਚ ਕੀਤਾ ਜਾ ਸਕਦਾ ਹੈ। ਅਨਮਤੀਆਂ ਲਈ ਦਸਵੰਧ ਖ਼ਰਚ ਨਹੀਂ ਕੀਤਾ ਜਾ ਸਕਦਾ। ਪਰਉਪਕਾਰ ਨਮਿਤ, ਧਰਮ-ਅਰਥ ਲਈ ਲਿਖੀਆਂ ਪੁਸਤਕਾਂ ਆਦਿ ਲਈ ਜਿਨ੍ਹਾਂ ਤੋਂ ਗੁਰਮਤਿ ਦਾ ਪਰਚਾਰ ਹੁੰਦਾ ਹੋਵੇ।

(੨) ਅੰਮ੍ਰਿਤਧਾਰੀ, ਬੇਅੰਮ੍ਰਿਤੀਏ ਦਾ ਜੂਠਾ ਬਿਲਕੁਲ ਨਹੀਂ ਖਾ ਸਕਦਾ।

(੩) ਗੁਰੂ ਗ੍ਰੰਥ ਸਾਹਿਬ ਜੀ ਬਿਨਾਂ ਕੋਈ ਅੰਮ੍ਰਿਤਧਾਰੀ ਗੁਰਸਿਖ, ਕਿਸੇ ਨੂੰ ਮੱਥਾ ਨਹੀਂ ਟੇਕ ਸਕਦਾ।

(੪) ਮਿਲਣ ਸਮੇਂ ਅੰਮ੍ਰਿਤਧਾਰੀ ਗੁਰਸਿਖ ਇਕ ਦੂਜੇ ਨੂੰ "ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ" ਦੇ ਭਾਵ ਅਨੁਸਾਰ ਇਕ ਦੂਜੇ ਦੇ ਅਗੇ ਝੁਕਦੇ ਹਨ।

ਸਰਬਤ ਪ੍ਰੇਮੀਆਂ ਨੂੰ ਗੁਰ ਫ਼ਤਹ ॥

ਗੁਰੂ ਪੰਥ ਦਾ ਦਾਸ—(ਸਹੀ) ਰਣਧੀਰ ਸਿੰਘ

---

# ਖੰਨਾ ਵਿਖੇ ਰੈਣ-ਸਬਾਈ ਕੀਰਤਨ

ਭਾਈ ਅਤਰ ਸਿੰਘ ਰਾਜਿੰਦਰ ਸਿੰਘ ਰੇਲਵੇ ਰੋਡ ਖੰਨਾ ਇਤਲਾਹ ਦਿੰਦੇ ਹਨ ਕਿ ੩੦ ਅਗਸਤ ਸ਼ਨੀਵਾਰ ਦੀ ਰਾਤ ਨੂੰ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਖੰਨਾ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂੰਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

---

# ਸੂਰਾ ਮਾਸਕ ਪੱਤਰ ਨੂੰ ਜੂਨ ਤੇ ਜੁਲਾਈ ਵਿਚ ਪੁਜੀ ਸਹਾਇਤਾ

| | |
|---|---|
| ਸ: ਪ੍ਰੀਤਮ ਸਿੰਘ ਜੀ, ਸਟੇਟ ਬੈਂਕ ਆਫ਼ ਇੰਡੀਆ, ਊਧਮਪੁਰ ਕਸ਼ਮੀਰ | ੨੫–੦੦ |
| ਸ਼ਰਦਾਰਨੀ ਹਰਬੇਲ ਸਿੰਘ ਜੀ, ਅਜੀਤ ਨਗਰ, ਅੰਮ੍ਰਿਤਸਰ | ੧੧–੦੦ |
| ਸ: ਅਜੀਤ ਸਿੰਘ ਜੀ, ਲਾਜਪਤ ਨਗਰ, ਨਵੀਂ ਦਿਲੀ | ੪–੦੦ |
| ਸ: ਭਗਤ ਸਿੰਘ ਜੀ ਖਾਲਸਾ, ਬੁਕਸੈਲਰ, ਹੁਸ਼ਿਆਰਪੁਰ | ੫–੦੦ |
| ਭਾਈ ਪ੍ਰੀਤਮ ਸਿੰਘ ਜੀ, ਦਸਮੇਸ਼ ਇੰਜੀਨੀਅਰਿੰਗ ਵਰਕਸ, ਦਸੂਹਾ | ੫–੦੦ |
| ਸ: ਦਰਸ਼ਨ ਸਿੰਘ ਜੀ ਦਿਲੀ, ਉਨ੍ਹਾਂ ਦੀ ਪਤਨੀ ਬੀਬੀ ਜਗਜੀਤ ਕੌਰ ਦੀ ਸਾਲਾਨਾ ਯਾਦ'ਚ | ੨੧–੦੦ |
| ਸ: ਗੁਰਬਖਸ਼ ਸਿੰਘ ਜੀ ਰਾਣਾ 56 A.P.O. | ੧੦–੦੦ |
| ਸ: ਕੇਸਰ ਸਿੰਘ ਜੀ, ਗੁਰਦਵਾਰਾ ਗੁਰੂ ਨਾਨਕ ਸਿੰਘ ਸਭਾ, ਮੈਨਪੁਰੀ | ੧੧–੦੦ |
| ਸ: ਸੁਰਿੰਦਰ ਸਿੰਘ ਜੀ, ਕੋਟਾ | ੨–੫੦ |
| ਗਿਆਨੀ ਬਚਿਤਰ ਸਿੰਘ ਜੀ ਕਾਨਪੁਰ | ੫–੦੦ |

ਸਤਿਗੁਰੂ ਪਾਤਸ਼ਾਹ ਸਭ ਪਰਵਾਰਾਂ ਨੂੰ ਗੁਰਸਿਖੀ ਜੀਵਨ ਅਤੇ ਚਰਨਾਂ ਕਮਲਾਂ ਦੀ ਪ੍ਰੀਤੀ ਬਖ਼ਸ਼ਣ।


www.AKJ.Org

# ਬਟਾਲਾ ਵਿਖੇ ਸਾਲਾਨਾ ਕੀਰਤਨ ਸਮਾਗਮ

## ੮ ਸਤੰਬਰ ਸੋਮਵਾਰ ਸਵੇਰ ਤੋਂ ੧੧ ਸਤੰਬਰ ਵੀਰਵਾਰ ਸਵੇਰ ਤਕ

ਸੰਗਤਾਂ ਦੇ ਚਰਨਾਂ ਵਿਚ ਦੋਇ ਕਰ ਜੋੜ ਬੇਨਤੀ ਹੈ ਕਿ ਹਰ ਸਾਲ ਦੀ ਤਰ੍ਹਾਂ ਸਤਿਗੁਰੂ ਜੀ ਦੀ ਮਿਹਰ ਦਾ ਸਦਕਾ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੇ ਸੰਬੰਧ ਵਿਚ ਬਟਾਲਾ ਸ਼ਹਿਰ ਵਿਖੇ ਮਹਾਨ ਕੀਰਤਨ ਸਮਾਗਮ ਹੋ ਰਿਹਾ ਹੈ। ਇਸ ਸਮੇਂ ਵਖ ਵਖ ਥਾਵਾਂ ਤੋਂ ਅਖੰਡ ਕੀਰਤਨੀ ਜੱਥੇ ਦੀਦਾਰ ਬਖ਼ਸ਼ ਕੇ ਰਸ-ਭਿੰਨੜੇ ਕੀਰਤਨ ਦੁਆਰਾ ਨਿਹਾਲ ਕਰਨਗੇ। ਆਪ ਜੀ ਸਹਿਤ ਪਰਵਾਰ ਤੇ ਸਤਿਸੰਗੀਆਂ ਦੇ ਆਇ ਦੀਦਾਰੇ ਬਖ਼ਸ਼ੋ ਤੇ ਕੀਰਤਨ ਦੇ ਲਾਹੇ ਲਵੋ ਜੀ।

—ਪ੍ਰੋਗਰਾਮ—

| | | | |
|---|---|---|---|
| ਸੋਮਵਾਰ | ੮- -੭੫ ਸਵੇਰੇ ੫ ਤੋਂ ੮ | ਕੀਰਤਨ ਅਤੇ ਅਰੰਭ ਸ੍ਰੀ ਅਖੰਡ ਪਾਠ, | ਗੁਰਦਵਾਰਾ ਗੁਰੂ ਨਾਨਕ ਨਗਰ |
| ਮੰਗਲਵਾਰ | ੯-੯-੭੫ ਸ਼ਾਮ ੮ ਤੋਂ ੧੦-੩੦ | ਕੀਰਤਨ | ਗੁਰਦਵਾਰਾ ਕੰਧ ਸਾਹਿਬ |
| ਬੁਧਵਾਰ | ੧੦-੯-੭੫ ਸਵੇਰ ੬ ਤੋਂ ੧੨ | ਭੋਗ ਸ੍ਰੀ ਅਖੰਡ ਪਾਠ ਅਤੇ ਕੀਰਤਨ | ਗੁ: ਗੁਰੂ ਨਾਨਕ ਨਗਰ |

**ਰੈਣ-ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ**—੧੦-੯-੭੫ ਬੁਧਵਾਰ ਰਾਤ ਨੂੰ ੮ ਵਜੇ ਰੈਣ-ਸਬਾਈ ਕੀਰਤਨ ਅਰੰਭ ਹੋਵੇਗਾ, ਜਿਸ ਦਾ ਭੋਗ ਮੇਲੇ ਵਾਲੇ ਦਿਨ ਵੀਰਵਾਰ ਸਵੇਰੇ ਸਾਢੇ ਸਤ ਵਜੇ ਪਵੇਗਾ। ਅੰਮ੍ਰਿਤ-ਸਿੰਚਾਰ ੧੦ ਸਤੰਬਰ ਬੁਧਵਾਰ ਬਾਅਦ ਦੁਪਹਿਰ ਚਾਰ ਵਜੇ ਸ਼ੁਰੂ ਹੋਵੇਗਾ।

ਨੋਟ:—ਸੰਗਤਾਂ ਦਾ ਉਤਾਰਾ ਗੁਰੂ ਨਾਨਕ ਨਗਰ, ਨਰਸਰੀ ਸਕੂਲ ਵਿਖੇ ਹੋਵੇਗਾ। ਲੋੜ ਅਨੁਸਾਰ ਬਿਸਤਰੇ ਲਿਆਓ ਜੀ। ਦਰਸ਼ਨ ਅਭਿਲਾਖੀ—ਅਖੰਡ ਕੀਰਤਨੀ ਜਥਾ, ਬਟਾਲਾ (ਗੁਰਦਾਸਪੁਰ)

---

# ਸੂਰਾ ਮਾਸਕ ਪੱਤਰ ਦਾ ਚੰਦਾ ਤੇ ਵਧ ਰਹੀ ਮਹਿੰਗਾਈ

## ਅਮਾਨਤੀ ਲਾਈਫ਼-ਮੈਂਬਰੀ ਸਕੀਮ

ਕਈ ਸਾਲਾਂ ਤੋਂ ਮਹਿੰਗਾਈ ਵਧਦੀ ਹੀ ਜਾ ਰਹੀ ਹੈ, ਪਰ ਅਜ ਤਕ ਸਾਡਾ ਜਤਨ ਇਹੋ ਹੈ ਕਿ ਗੁਰਮਤਿ ਪਰਚਾਰ ਹਿਤ ਮਾਸਕ ਪੱਤਰ ਦਾ ਚੰਦਾ ਘਟ ਤੋਂ ਘਟ ਰਖਿਆ ਜਾਵੇ, ਤਾਕਿ ਪਰਚਾ ਬਹੁਤੇ ਹੱਥਾਂ ਤਕ ਪਹੁੰਚਾਇਆ ਜਾ ਸਕੇ। ਨਿਸ਼ਾਨਾ ਸਾਡਾ ਹੁਣ ਵੀ ਓਹੋ ਹੀ ਹੈ, ਪਰ ਕਾਗਜ਼, ਛਪਾਈ, ਲੇਬਰ ਆਦਿ ਦੇ ਰੇਟ ਕਾਫ਼ੀ ਵਧ ਚੁਕੇ ਹਨ। ਇਸ ਕਾਰਨ ਪਰਚੇ ਦੇ ਖ਼ਰਚ ਭੀ ਕਾਫ਼ੀ ਵਧੇ ਹੋਏ ਹਨ। ਭਾਵੇਂ ਗੁਰਸਿਖ ਵੀਰਾਂ ਭੈਣਾਂ ਵਲੋਂ ਸਮੇਂ ਸਮੇਂ ਸਹਾਇਤਾ ਵੀ ਪੁਜਦੀ ਰਹਿੰਦੀ ਹੈ, ਪਰ ਫਿਰ ਵੀ ਚੰਦੇ ਵਿਚ ਮਮੂਲੀ ਵਾਧਾ ਲੋੜੀਂਦਾ ਹੈ, ਜੋ ਕਿ ਛੇ ਦੀ ਥਾਂ ਅਠ ਰੁਪਏ ਹੋਵੇਗਾ। ਆਸ ਹੈ ਕਿ ਸਾਰੇ ਵੀਰ ਭੈਣਾਂ ਸਹਿਯੋਗ ਦੇਣਗੇ।

ਦੂਜਾ ਇਕ ਨਵਾਂ ਸੁਝਾ ਪਾਠਕਾਂ ਸਾਹਮਣੇ ਹੈ। ਕਈ ਸਜਣ ਪਰਚੇ ਦੀ ਲਾਈਫ਼-ਮੈਂਬਰੀ ਵਾਸਤੇ ਪੁਛਦੇ ਰਹਿੰਦੇ ਹਨ, ਉਸ ਸੰਬੰਧ ਵਿਚ ਅਸੀਂ ਰਕਮ ਦੀ ਜ਼ਿਮੇਵਾਰੀ ਤੋਂ ਬਚਣ ਲਈ "ਅਮਾਨਤੀ ਲਾਈਫ਼ ਮੈਂਬਰੀ ਸਕੀਮ" ਸੋਚੀ ਹੈ, ਜੋ ਇਉਂ ਹੈ—

ਜਿਹੜੇ ਪਾਠਕ ਇਕ ਸੌ ਰੁਪਏ ਭੇਜਣ ਉਨ੍ਹਾਂ ਪਾਠਕਾਂ ਦੇ ਨਾਂ ਤੇ ਬੈਂਕ ਵਿਚ 'ਸੂਰਾ' ਪੱਤਰ ਦੀ ਮਾਰਫ਼ਤ ਉਹ ਰਕਮ ਜਮ੍ਹਾ ਕਰਵਾ ਦਿਤੀ ਜਾਵੇਗੀ। ਪਾਠਕਾਂ ਦੀ ਇਹ ਰਕਮ 'ਸੂਰਾ' ਪੱਤਰ ਪਾਸ ਅਮਾਨਤ ਹੋਵੇਗੀ। ਰਕਮ ਸਦਾ ਲਈ ਗਾਹਕ ਦੀ ਹੀ ਰਹੇਗੀ, ਕੇਵਲ ਰਕਮ ਦਾ ਸੂਦ ਚੰਦੇ ਵਜੋਂ ਇਸ ਪਰਚੇ ਨੂੰ ਮਿਲਦਾ ਰਹੇਗਾ। ਜੇ ਕੋਈ ਪਾਠਕ ਇਹ ਅਮਾਨਤ ਵਾਪਸ ਲੈਣਾ ਚਾਹੇ ਤਾਂ ਉਸ ਨੂੰ ਪੂਰੀ ਰਕਮ ਵਾਪਸ ਦਿਤੀ ਜਾਵੇਗੀ। ਪਰ ਪੰਜ ਸਾਲਾਂ ਤੋਂ ਪਹਿਲਾਂ ਵਾਪਸੀ ਦੀ ਹਾਲਤ ਵਿਚ ਥੋੜੀ ਜਿਹੀ ਕਟੌਤੀ ਹੋ ਜਾਵੇਗੀ। ਪਰਦੇਸੀ ਵੀਰਾਂ ਲਈ ਸਮੁੰਦਰੀ ਡਾਕ ਲਈ ਰਕਮ ਢਾਈ ਸੌ ਰੁਪਏ ਹੋਵੇਗੀ ਅਤੇ ਹਵਾਈ ਡਾਕ ਲਈ ਵਖ ਵਖ। ਜਿਹੜੇ ਵੀਰ ਭੈਣਾਂ ਇਸ ਸਕੀਮ ਨਾਲ ਸਹਿਮਤ ਹੋਣ ਉਹ Sura Monthly, Amritsar (ਸੂਰਾ ਮਾਸਕ ਪੱਤਰ, ਅੰਮ੍ਰਿਤਸਰ) ਦੇ ਨਾਂ ਤੇ ਰਕਮ ਮਨੀਆਰਡਰ ਜਾਂ ਡਰਾਫ਼ਟ ਰਾਹੀਂ ਭੇਜਣ। ਇਸ ਤਰ੍ਹਾਂ ਹਰ ਸਾਲ ਚੰਦਾ ਭੇਜਣ ਦੀ ਖੇਚਲ ਵੀ ਖ਼ਤਮ ਹੋ ਜਾਂਦੀ ਹੈ ਅਤੇ 'ਸੂਰਾ'

www.AKJ.Org